ੴ

# ਸਾਡਾ ਵਿਰਸਾ !!

***ਇਨ੍ਹਾਂ ਵਿਸ਼ਿਆਂ ਦੀ ਜਾਣਕਾਰੀ ਬਾਰੇ ਅੰਦਰ ਵੇਖੋ...***


| | |
|---|---|
| ਸ਼ਬਦ ਕੀਰਤਨ ਵਿਚ ਟਿਕਾਉ | ੪ |
| ਕੜਾ ਕਿ ਲੋਹੇ ਦੀ ਵੰਗ ? | ੮ |
| ਗੁਰਬਾਣੀ ਵਿਚ ਸਿਹਾਰੀ ਅਤੇ ਬਿਹਾਰੀ ( ਿ ਤੇ ੀ ) ਦਾ ਉਚਾਰਨ | ੧੦ |
| ਕੁਝ ਕੜਾਹ ਪ੍ਰਸ਼ਾਦਿ ਬਾਰੇ | ੧੧ |
| ਸ਼ਬਦ ਹਜ਼ਾਰੇ | ੧੫ |
| ਚੌਰ ਸਾਹਿਬ ਝੁਲਾਉਣੀ ਕਿ ਝਲਣੀ ? | ੧੭ |
| "…. ਦਾ ਧਿਆਨ ਧਰ ਕੇ ਖਾਲਸਾ ਜੀ ਬੋਲੋ ਜੀ ….!!!" | ੧੯ |
| ਕੀਰਤਨ ਵਿਚ ਜੋੜੀ ਦੀ ਵਰਤੋਂ | ੨੩ |
| ਗੁਰਬਾਣੀ ਵਿਚ ਆਏ ਸਿਰਲੇਖਾਂ ਦੀ ਤਰਤੀਬ ਦਾ ਸ਼ੁਧ ਉਚਾਰਨ | ੨੬ |
| " ਸੋ ਕਰੇ ਜਿ ਤਿਸੈ ਰਜਾਇ ॥੨੪॥੧॥ ਸੁਧੁ ॥ " | ੨੯ |
| ਜਿਨ੍ਹਾਂ ਗੁਰਦੁਆਰਿਆਂ ਗੁਰਧਾਮਾਂ ਤੋਂ ਪੰਥ ਵਿਛੜ ਗਿਆ | ੩੧ |
| ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਰੱਬੀ ਰਬਾਬ | ੩੪ |
| ਗੁਰੂ ਘਰ ਦੇ ਪੁਰਾਤਨ ਰਬਾਬੀ ਤੇ ਰਾਗੀ | ੩੬ |



## ਪ੍ਰਿੰ: ਨਰਿੰਦਰ ਸਿੰਘ *(P.E.S –I)*

*( Former:*
*Principal, Government College, Ropar,*
*Director, State Institute of Science Education, Punjab,*
*Syndic, Punjabi University)*


For Free Distribution

# ਦੋ ਸ਼ਬਦ

“**ਸਾਡਾ ਵਿਰਸਾ**” ਪੁਸਤਕ ਪੜ੍ਹੀ ਅਤੇ ਮੇਰੀ ਦਿਲ ਦੀਆ ਡੂੰਘਾਣਾ ਵਿਚੋਂ ਸੁਤੇ ਸਿੱਧ ਹੀ ਇਹ ਭਾਵਨਾਵਾਂ ਅਤੇ ਖਿਆਲ ਉਗਮ ਪਏ। ਇਸ ਮਾਦੇ ਭਰਪੂਰ ਸੰਸਾਰ ਵਿੱਚ ਬਹੁਤ ਵਿਰਲੇ ਮਨੁੱਖ ਹਨ ਜੋ ਪੰਥ ਦੀ ਚੜ੍ਹਦੀ ਕਲਾ ਦੇ ਉਪਾਸ਼ਕ ਹਨ; ਜਿਨ੍ਹਾ ਦੇ ਦਿਨਾਂ ਵਿੱਚ ਗੁਰੂ ਸਾਹਿਬਾਨ ਅਤੇ ਸਿੱਖਾਂ ਦੀਆ ਕੁਰਬਾਨੀਆਂ ਦੀ ਲੋਅ ਜਗਦੀ ਹੈ। ਉਹੀ ਅਜੇਹੀਆਂ ਲੋੜਾਂ ਅਨਭਵ ਕਰਦੇ ਹਨ ਅਤੇ ਉਨਾਂ ਨੂੰ ਸਾਕਾਰ ਰੂਪ ਦਿੰਦੇ ਰਹਿੰਦੇ ਹਨ। ਅਜ ਇਨਸਾਨ ਮਾਇਆ ਦੀ ਦੌੜ ਵਿੱਚ ਖੂਬ ਗਲਤਾਨ ਹੈ ਅਤੇ ਜ਼ਿੰਦਗੀ ਦੀ ਸੁੰਦਰਤਾ ਨੂੰ ਰੌਸ਼ਨੀ ਦੇਣ ਵਲ ਬਹੁਤ ਘੱਟ ਧਿਆਨ ਦੇ ਰਿਹਾ ਹੈ। ਇਸ ਲਈ ਮੇਰੇ ਦਿਲ ਦੀਆਂ ਡੂੰਘਾਈਆਂ ਵਿਚੋਂ ਪ੍ਰਿੰਸੀਪਲ ਨਰਿੰਦਰ ਸਿੰਘ ਜੀ ਦੇ ਇੱਸ ਉੱਦਮ ਲਈ ਪ੍ਰਸੰਸਾ ਦੇ ਸ਼ਬਦ ਆਪਣੇ ਆਪ ਫੁੱਟ ਪਏ।

ਪ੍ਰਿੰਸੀਪਲ ਸਾਹਿਬ ਨੂੰ ਸਿੱਖ ਸਮਾਜ ਵਿਚ ਹੋ ਰਹੀਆਂ ਕੁਝ ਕੁਰੀਤੀਆਂ ਯਾਂ ਭੁੱਲਾਂ ਬਾਰੇ ਰਮਜ਼ਾਂ ਆਈਆਂ ਅਤੇ ਉਨ੍ਹਾਂ ਨੇ ਸਿੱਖ ਪੰਥ ਦਾ ਧਿਆਨ ਦੁਵਾਉਣ ਲਈ ਇਹ ਉੱਦਮ ਕੀਤਾ। ਉਨ੍ਹਾਂ ਦੇ ਇਸ ਉੱਦਮ ਦਾ ਪ੍ਰਭਾਵ ਕੁਝ ਮਨਾਂ ਤੇ ਅਵਸ਼ ਹੋਵੇਗਾ ਅਤੇ ਇਨ੍ਹਾ ਦੀ ਘਾਲਣਾ ਸਤਿਗੁਰੂ ਦਾ ਦਰਬਾਰ ਪ੍ਰਵਾਨ ਹੋਵੇਗੀ।

ਸ਼ਬਦ ਕੀਰਤਨ ਸਿੱਖ ਸਮਾਜ ਦਾ ਇਕ ਅਟੁੱਟਵਾਂ ਅੰਗ ਹੈ। ਪ੍ਰਚਾਰ ਕਰਨ ਦਾ ਇਕ ਢੰਗ ਹੈ ਅਤੇ ਸਿੱਖ ਪੰਥ ਨੂੰ ਚੜਦੀ ਕਲਾ ਵਲ ਲਿਜਾਣ ਦਾ ਇਕ ਵਸੀਲਾ ਹੈ। ਸਿੱਖ ਪੰਥ ਤੇ ਕਈ ਔਖੇ ਸਮੇਂ ਆਏ ਪਰ ਪ੍ਰਿੰਸੀਪਲ ਨਰਿੰਦਰ ਸਿੰਘ ਵਰਗੇ ਗੁਰਸਿੱਖਾਂ ਦੇ ਉੱਦਮ ਸਦਕਾ ਸਿੱਖ ਪੰਥ ਹਮੇਸ਼ਾਂ ਚੜਦੀ ਕਲਾ ਵਿਚ ਰਿਹਾ। ਕੀਰਤਨ ਦਾ ਪ੍ਰਭਾਵ ਸਾਡੇ ਮਨਾਂ ਤੇ ਅਵਸ਼ ਪੈਂਦਾ ਹੈ ਅਤੇ ਚੜਦੀ ਕਲਾ ਦੀ ਰੰਗਤ ਦਿੰਦਾ ਹੈ। ਇਸ ਲਈ ਪ੍ਰਿੰਸੀਪਲ ਸਾਹਿਬ ਜੀ ਨੇ ਜੋ ਤਰੁੱਟੀਆਂ ਦੇਖੀਆਂ ਅਤੇ ਅਨਭਵ ਕੀਤੀਆਂ, ਉਨ੍ਹਾਂ ਨੂੰ ਦੂਰ ਕਰਨ ਦੇ ਉਦੇਸ਼ ਲਈ ਇਹ ਪੁਸਤਕ ਲਿਖੀ ਗਈ ਹੈ। ਮੈਂ ਆਪਣੇ ਵਲੋਂ ਪਿੰਸੀਪਲ ਸਾਹਿਬ ਨੂੰ ਵਧਾਈਆਂ ਪੇਸ਼ ਕਰਦਾ ਹਾਂ।

ਇਸ ਪੁਸਤਕ ਵਿਚ ਸ਼ਬਦ ਕੀਰਤਨ ਸੰਬੰਧੀ, ਕੜੇ ਸੰਬੰਧੀ, ਗੁਰਬਾਣੀ ਵਿਚ ਸਿਹਾਰੀ ਅਤੇ ਬਿਹਾਰੀ ਦੇ ਉਚਾਰਨ ਸੰਬੰਧੀ ਮਹੱਤਵਪੂਰਨ ਸੁਝਾਅ ਦਿਤੇ ਗਏ ਹਨ। ਕੜਾਅ ਪ੍ਰਸ਼ਾਦਿ, ਸ਼ਬਦ ਹਜ਼ਾਰੇ, ਚੌਰ ਸਾਹਿਬ, ਜੋੜੀ ਸੰਬੰਧੀ ਅਹਿਮ ਨੁਕਤੇ ਦਿੱਤੇ ਗਏ ਹਨ, ਜਿੰਨਾਂ ਦੀ ਅਸੀ ਅਵੇਸਲੇ ਹੀ ਭੁੱਲ ਕਰੀ ਜਾ ਰਹੇ ਹਾਂ। ਸਾਰੇ ਹੀ ਵਿਸ਼ੇ ਮਹਤੱਵਪੂਰਨ ਹਨ ਅਤੇ ਸਿੱਖ ਪੰਥ ਦੇ ਹਿਤੈਸ਼ੀਆਂ ਨੂੰ ਇਸ ਪੁਸਤਕ ਤੋਂ ਅਵਸ਼ ਹੀ ਲਾਭ ਹੋਵੇਗਾ। ਇਸ ਲਈ ਧਿਆਨ ਨਾਲ ਪੜ੍ਹਨ ਦੀ ਸਿਫਾਰਸ਼ ਕਰਦਾ ਹਾਂ ਅਤੇ ਅਮਲ ਕਰਨ ਲਈ ਪ੍ਰੇਰਨਾਂ ਕਰਦਾ ਹਾਂ।

ਪ੍ਰਿੰਸੀਪਲ ਨਰਿੰਦਰ ਸਿੰਘ ਜੀ ਨੂੰ ਮੈਂ ਇਸ ਉੱਦਮ ਦੀ ਫੇਰ ਵਧਾਈ ਦਿੰਦਾ ਹਾਂ ਅਤੇ ਆਸ ਕਰਦਾ ਹਾਂ ਕਿ ਉਹ ਇਸ ਤਰਾਂ ਦੇ ਉੱਦਮ ਕਰਦੇ ਰਹਿਣਗੇ ਅਤੇ ਸਿੱਖ ਪੰਥ ਦੀ ਚੜਦੀ ਕਲਾ ਵਿਚ ਆਪਣਾ ਭਾਗ ਪਾਉਂਦੇ ਰਹਿਣਗੇ।

ਪ੍ਰਿੰ: ਅਮਰ ਸਿੰਘ
ਵੈਨਕੂਵਰ।

ਅਗਸਤ, ੨੦੦੪

# ਸਮਰਪਣ !!

ਮੇਰੀ ਇਹ ਲਿਖਤ ਮੇਰੇ ਮਾਨਯੋਗ ਸੁਰਗਵਾਸੀ ਪਿਤਾ ਪ੍ਰੋ: ਕਰਤਾਰ ਸਿੰਘ ਜੀ ਤੇ ਮਾਤਾ ਹਰਬੰਸ ਕੌਰ ਜੀ ਨੂੰ ਸਮਰਪਣ ਹੈ ਜਿਨ੍ਹਾਂ ਨੇ ਬਚਪਨ ਤੋਂ ਹੀ ਮੈਨੂੰ ਗੁਰਸਿੱਖੀ ਜੀਵਨ ਵਲ ਅਪਣੇ ਅਮਲੀ ਜੀਵਨ ਦੀ ਮਸਾਲ ਦੇ ਕੇ ਮੈਨੂੰ ਪਰੇਰਿਆ ਅਤੇ ਇਸ ਪਾਸੇ ਤੁਰਨ ਦੀ ਮੇਰੀ ਸਮਰੱਥਾ ਬਣਾਈ ਹੈ।

# ਧੰਨਵਾਦ !!

ਮੈਂ ਆਪਣੀ ਅਰਧੰਗਣੀ (ਪ੍ਰੋ:) ਅਵਤਾਰ ਕੌਰ ਜੀ ਦਾ ਬਹੁਤ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਆਪਣੇ ਪ੍ਰਵਾਰ ਦੇ ਰੁਝੇਵਿਆਂ ਵਿਚੋਂ ਵਕਤ ਕੱਢਕੇ ਮੇਰੀ ਲਿਖਤ ਦੇ ਪਰੂਫ ਪੜ੍ਹ ਕੇ ਸੁਧਾਈ ਕੀਤੀ ਹੈ ਤੇ ਕਈ ਥਾਵਾਂ ਤੇ ਸੋਝੀ ਦਿਤੀ ਹੈ।

ਮੈਂ ਇਥੇ ਆਪਣੇ ਬੇਟੇ ਸ੍ਰ: ਕੁਲਬੀਰ ਸਿੰਘ, B.E., ਜੋ ਇਸ ਸਮੇਂ ਖਾਲਸਾ ਸਕੂਲ, ਵੈਨਕੂਵਰ ਵਿਖੇ ਕੰਮਪਿਊਟਰ ਟੀਚਰ ਦੀ ਸਾਮੀ ਤੇ ਕੰਮ ਕਰ ਰਹੇ ਹਨ ਦਾ ਧੰਨਵਾਦ ਕਰਦਾ ਹਾਂ। ਉਨਾਂ ਨੇ ਆਪਣੀ ਸੂਝ ਬੂਝ ਨਾਲ ਜਿਥੇ ਮੇਰੇ ਨਾਲ ਲਿੱਖਤ ਵਿਚ ਕਈ ਤਰਾਂ ਦੀ ਸਾਂਝ ਕੀਤੀ ਹੈ ਉਥੇ ਬੜੀ ਮਿਹਨਤ ਨਾਲ ਇਸ ਲਿਖਤ ਨੂੰ ਕੰਮਪਿਊਟਰ ਰਾਹੀਂ ਪੰਜਾਬੀ ਲਿੱਪੀ ਵਿਚ ਟਾਈਪ ਕੀਤਾ ਹੈ। ਇਸ ਤੋਂ ਛੁਟ ਉਨ੍ਹਾਂ ਨੇ ਲੋੜ ਅਨੁਸਾਰ ਤਸਵੀਰਾਂ ਆਦਿ ਦੀ ਰੂਪ ਰੇਖਾ ਵੀ ਤਿਆਰ ਕੀਤੀ ਹੈ। ਇਸ ਕਿਤਾਬ ਦੀ ਟਾਈਪਿੰਗ, ਸੈਟਿੰਗ, ਡੀਜ਼ਾਈਨਿੰਗ ਤੇ ਪਰਿਨਟਿੰਗ ਦੀ ਸੇਵਾ ਵੀ ਸ੍ਰ: ਕਲਬੀਰ ਸਿੰਘ ਨੇ ਆਪਣੀ ਹੱਥੀ ਕੀਤੀ ਹੈ। ਇਸ ਦੇ ਨਾਲ ਨਾਲ ਧਾਰਮਕ ਰੁਚੀਆਂ ਬਾਰੇ ਵੀ ਸਾਂਝ ਪਾਈ ਹੈ।

# ਮਨ ਤੂੰ ਮਤ ਮਾਣ ਕਰਹਿ ਜਿ ਹਉ ਕਿਛ ਜਾਣਦਾ ...

## ਆਰੰਭਕ ਬੇਨਤੀ :-

ਜੁਲਾਈ 8, 2004

ਇਸ ਸਮੇਂ ਮੈਂ 76 ਸਾਲ ਦਾ ਹਾਂ। ਮੇਰੇ ਪਿਤਾ ਪ੍ਰੋ: ਕਰਤਾਰ ਸਿੰਘ ਜੀ (ਹੁਸ਼ਿਆਰਪੁਰ ਵਾਲੇ) 15.4.1995 ਨੂੰ ਬਾਂਨਵੇਂ ਸਾਲ ਦੀ ਅਤੇ ਮੇਰੇ ਦਾਦਾ, ਸ: ਹਜ਼ੂਰਾ ਸਿੰਘ ਜੀ, ਐਨਜੀਨੀਅਰ ਤੇ ਠੇਕੇਦਾਰ 16.12.1949 ਵਿਚ 72 ਸਾਲ ਦੀ ਉਮਰ ਭੋਗ ਕੇ ਅਕਾਲ ਚਲਾਣਾ ਕਰ ਗਏ। ਮੈਂ ਆਪਣੀ ਪੜਦਾਦੀ, ਮਾਤਾ ਜਸ ਕੌਰ ਜੀ ਜਿਣਾਂ ਨੇਂ ਬਚਪਨ ਵਿਚ ਮਹਾਰਾਜਾ ਰਣਜੀਤ ਸਿੰਘ ਦੀ ਸਵਾਰੀ ਨੂੰ ਆਪਣੇ ਪਿੰਡ ਵਿਚੋਂ ਲੰਘਦਿਆਂ ਦੇਖਿਆ ਸੀ, ਦੇ ਪੂਰੀ ਹੋਸ਼ ਵਿਚ ਦਰਸ਼ਨ ਕੀਤੇ ਹੋਏ ਹਨ। ਉਨਾਂ ਨੇਂ ਆਪਣਾ ਸਰੀਰ 9 ਮਈ 1946 ਨੂੰ ਛਡਿਆ ਸੀ। ਇਨਾਂ ਸਭ ਗੁਰਮੁਖ ਬਜ਼ੁਰਗਾਂ ਦੇ ਹਥਾਂ ਵਿਚ ਮੈ ਖੇਡਿਆਂ ਪਲਿਆਂ ਹਾਂ। ਇ੍ਹਨਾਂ ਅਤੇ ਹੋਰ ਗੁਰਸਿਖਾਂ ਰਾਹੀਂ ਪੰਥਕ ਧਾਰਨਾਵਾਂ, ਮੈਂ ਆਪਣੀ ਇਸ ਉਮਰ ਤਕ ਦੇਖੀਆਂ ਸੁਣੀਆਂ ਹਨ। ਜੋ ਕੁਛ ਮੈਂ ਦੇਖਿਆ, ਸੁਣਿਆਂ ਜਾਂ ਸਮਝਿਆ ਹੈ ਮੈਨੂੰ ਇਹ ਗੌਰਵ ਭਰਪੂਰ ਵਿਰਸਾ ਦਿਸਦਾ ਹੈ। ਇਹ ਗੌਰਵ ਭਰਪੂਰ ਵਿਰਸਾ ਮੇਰੇ ਮਨ ਅਤੇ ਦਿਮਾਗ ਤੇ ਉਕਰਿਆ ਹੋਇਆ ਹੈ।

ਪੰਥ ਵਿਚ 1947 ਤੋਂ ਬਾਦ ਰੀਤੀਆਂ ਵਿਚ ਫਰਕ ਪੈਂਦਾ ਗਿਆ ਹੈ। ਇਹ ਸਿਲਸਿਲਾ ਵਿਚ ਵਿਚ ਹੁਣ ਵੀ ਜਾਰੀ ਰਹਿੰਦਾ ਹੈ।

ਮੈਂ ਆਪਣੀ ਜ਼ੁਮੇਂਵਾਰੀ ਸਮਝਦਾ ਹਾਂ ਕਿ ਜੋ ਕੁਛ ਮੈਂ ਆਪਣੇ ਬਜ਼ੁਰਗਾਂ ਨੂੰ ਦੇਖਿਆ, ਉਨ੍ਹਾਂ ਤੋਂ ਸਮੇਂ ਸਮੇਂ ਸਿਖਿਆ ਹੈ ਜਾਂ ਮਹਿਸੂਸ ਕਰਦਾ ਹਾਂ, ਲਿਖਤੀ ਰੂਪ ਵਿਚ, ਸਿਦਕੀ ਤੇ ਵਿਚਾਰਵਾਨ ਗੁਰਮੁਖਾਂ ਦੇ ਗੋਚਰੇ ਰਖ ਦੇਵਾਂ। ਮੈਂ ਕਿਸੀ ਗਲ ਦਾ ਮਾਣ ਨਹੀ ਕਰਦਾ ਕਿ ' ਹਉ ਕਿਛ ਜਾਣਦਾ' ਹਾਂ। ਸਨਿਮਰ ਬੇਨਤੀ ਹੀ ਹੈ ਕਿ ਜੇ ਕੋਈ ਗੌਰਵ ਭਰਪੂਰ ਗਲ ਵਿਰਸੇ ਮੁਤਾਬਕ ਚੰਗੀ ਲਗੇ ਤਾਂ ਅਪਣਾ ਲੈਣੀ। ਇਸ ਪੁਰ ਕਿੰਤੂ ਕਰਕੇ ਵਧੇਰੇ ਝਗੜੇ ਖੜੇ ਨਾਂ ਕਰ ਲੈਂਣੇ ਜੀ। ਇਹ ਬੇਨਤੀ ਦੋਨੋਂ ਹਥ ਜੋੜ ਕੇ ਹੈ ਜੀ। ਅਸੀ ਅਗੇ ਹੀ ਬਥੇਰੇ ਝਗੜਿਆਂ ਨਾਲ ਆਪਣੇ ਘਰ ਨੂੰ ਲੂਕੀ ਲਾਈ ਹੋਈ ਹੈ।

ਇਹ ਧਾਰਨਾਂਵਾਂ ਨੂੰ ਮੈਂ "ਸਾਡਾ ਵਿਰਸਾ!!" ਕਹਿਕੇ ਲਿਖ ਰਿਹਾ ਹਾਂ। ਇਹ ਵਿਚਾਰਾਂ ਕੋਈ ਲੜੀਵਾਰ ਸਿਲਸਿਲਾ ਨਹੀਂ ਹਨ। ਸਮਰਥਾ ਜਾਂ ਸੁਝ ਹੋਈ ਤਾਂ ਸਮੇਂ ਸਮੇਂ ਲਿਖਦਾ ਰਵਾਂਗਾ ਜੀ।

ਪ੍ਰੋ: ਨਰਿੰਦਰ ਸਿੰਘ ।
956, Phase 3-B-2,
Mohali (Punjab)-160059
Phone: 91-0172-2225999

# ਸਾਡਾ ਵਿਰਸਾ !!

# ਸ਼ਬਦ ਕੀਰਤਨ ਵਿਚ ਟਿਕਾਉ

-੧-

ਕਿਸੇ ਸੁਪਰਸਿਧ ਕੀਰਤਨ ਵਕਤਾ ਜੀ ਨੇ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਨੂੰ ਆਖਿਆ ਕਿ ਕੀਰਤਨ ਕਰਦਿਆਂ ਉਨ੍ਹਾਂ ਦਾ ਮਨ ਟਿਕਾਅ ਵਿਚ ਨਹੀ ਆਉਂਦਾ। ਕੋਈ ਸੋਝੀ ਦੇਵੋ। ਅਗੋਂ ਭਾਈ ਸਾਹਿਬ ਜੀ ਨੇ ਉਨ੍ਹਾਂ ਤੋਂ ਪੁਛਿਆ ਕਿ ਉਹ ਕੀਰਤਨ ਕਿਸ ਨੂੰ ਸੁਣਾਉਂਦੇ ਹਨ। ਉੱਤਰ ਵਿਚ ਉਹ ਆਖਣ ਲਗੇ ਕਿ ' ਜੀ ਸੰਗਤਾਂ ਨੂੰ '। ਭਾਈ ਸਾਹਿਬ ਜੀ ਨੇ ਇਕ ਸੁਝਾਅ ਦਿਤਾ ਕਿ ਗਾਇਨ ਕੀਤੇ ਜਾ ਰਹੇ ਸ਼ਬਦ ਵਿੱਚ ਅਕਾਲ ਪੁਰਖ ਅਤੇ ਗੁਰੂ ਦੀ ਉਸਤਤੀ ਜਾਂ ਬੇਨਤੀ ਵਾਲੀਆਂ ਤੁਕਾਂ ਗੁਰੂ ਮਹਾਰਾਜ ਨੂੰ ਸੁਣਾਇਆ ਕਰੋ ਅਤੇ ਉਪਦੇਸ਼ ਵਾਲੀਆਂ ਤੁਕਾਂ ਸਤਿਗੁਰਾਂ ਨੂੰ ਹਾਜ਼ਰ ਨਾਜ਼ਰ ਜਾਣ ਕੇ ਆਪਣੇ ਮਨ ਨੂੰ ਸੁਣਾਇਆ ਕਰੋ। ਇੰਜ ਕਰਕੇ ਦੇਖੋ ਮਨ ਟਿਕਾਅ ਵਿਚ ਸੌਖਾ ਆ ਸਕੇਗਾ।

-੨-

ਆਮ ਦੇਖਣ ਵਿਚ ਆਉਂਦਾ ਹੈ ਕਿ ਜੇ ਸੰਗਤਾਂ ਦੀ ਹਾਜ਼ਰੀ ਥੋੜੀ ਹੋਵੇ ਤਾਂ ਕੀਰਤਨੀਏ ਭੀ ਢਿੱਲੇ ਢਿੱਲੇ ਹੋ ਕੇ ਕੀਰਤਨ ਉਚਾਰਨ ਕਰਦੇ ਹਨ ਅਤੇ ਜਦੋਂ ਸੰਗਤ ਦੀ ਹਾਜ਼ਰੀ ਵੱਧਦੀ ਜਾਂਦੀ ਹੈ ਕੀਰਤਨੀਏ ਭੀ ਨਾਲ ਨਾਲ ਸੁਚੇਤ ਹੋਈ ਜਾਂਦੇ ਹਨ।ਐਸੇ ਕੀਰਤਨ ਕਰਨ ਵਾਲਿਆਂ ਦਾ ਮੁੱਖ ਉਦੇਸ਼ ਕੀਰਤਨ ਕੇਵਲ ਸੰਗਤਾਂ ਨੂੰ ਸੁਨਾਉਣਾ ਹੀ ਹੁੰਦਾ ਹੈ। ਉਹ ਕੀਰਤਨ ਗੁਰੂ ਕੀ ਹਜ਼ੂਰੀ ਵਿਚ ਨਹੀ ਕਰ ਰਹੇ ਹੁੰਦੇ ਹਨ। ਇਸ ਲਈ ਕੀਰਤਨ ਕਰਨ ਵਾਲਿਆਂ ਤੇ ਸਰੋਤਿਆਂ ਨੂੰ ਰਸ ਭੀ ਘੱਟ ਆਉਂਦਾ ਹੈ। ਉਨ੍ਹਾਂ ਦਾ ਨਿਸ਼ਾਨਾ ਕੇਵਲ ਸੰਗਤਾਂ ਨੂੰ ਕੀਰਤਨ ਸੁਣਾ ਕੇ ਉਨ੍ਹਾਂ ਪਾਸੋਂ ਵਾਹ ਵਾਹ ਲੈਣੀ ਹੁੰਦੀ ਹੈ ਜੋ ਸ਼ਬਦ ਭੇਟ ਦੇ ਰੂਪ ਵਿਚ ਉਨ੍ਹਾਂ ਨੂੰ ਰਜਵੀਂ ਮਿਲ ਜਾਂਦੀ ਹੈ। ਜਿਨ੍ਹਾਂ ਕੀਰਤਨੀਆਂ ਨੇ ਕੀਰਤਨ ਦਾ ਪੂਰਾ ਰਸ ਮਾਨਣਾ ਹੋਵੇ ਤਾਂ ਉਹ ਹਰ ਹਾਲਤ ਵਿਚ ਕੀਰਤਨ, ਵਜਦ ਵਿਚ ਆ ਕੇ ਕਰਦੇ ਹਨ। ਸੰਗਤਾਂ ਦੀ ਹਾਜ਼ਰੀ ਭਾਵੇ ਥੋੜੀ ਹੋਵੇ, ਬਹੁਤੀ ਹੋਵੇ (ਭਾਵੇ ਨਾ ਭੀ ਹੋਵੇ), ਕੀਰਤਨ ਉਹ ਹਰ ਹਾਲਤ, ਗੁਰੂ ਕੀ ਹਜ਼ੂਰੀ ਵਿਚ ਹੀ ਕਰਦੇ ਹਨ। ਉਸਤਤ ਅਤੇ ਬੇਨਤੀ ਦੀਆਂ ਤੁਕਾਂ ਸੁਰਤ ਰਾਹੀਂ ਆਪਣੇ ਸਤਿਗੁਰਾਂ ਨੂੰ ਸੁਣਾਉਂਦੇ ਹਨ ਅਤੇ ਉਪਦੇਸ਼ ਦੀਆਂ ਆਪਣੇ ਮਨ ਨੂੰ।

-੩-

ਐਸੀ ਬਿਰਤੀ ਦਾ ਮਾਹੌਲ ਪੈਦਾ ਕਰਨ ਵਾਸਤੇ ਗੁਰੂ ਮਹਾਰਾਜ ਦੀ ਹਜ਼ੂਰੀ ਵਿਚ ਜਿਥੇ ਮਨ ਦੀ ਅਵਸਥਾ ਨੂੰ ਉੱਚਾ ਕਰਨਾ ਹੁੰਦਾ ਹੈ ਉਥੇ ਆਪਣੇ ਤਨ ਦੀ ਅਵਸਥਾ ਭੀ ਠੀਕ ਰੱਖਣ ਨਾਲ ਲਾਭ ਹੁੰਦਾ ਹੈ। ਤਨ ਅਤੇ ਮਨ ਦੋਨੋ ਵਧੇਰੇ ਨਿਮਰਤਾ ਵਿਚ ਟਿੱਕਣੇ ਚਾਹੀਦੇ ਹਨ। ਕੀਰਤਨੀਆਂ ਦੀ ਅਵਸਥਾ ਦਾ ਪ੍ਰਭਾਵ ਉਨ੍ਹਾਂ ਦੇ ਆਪਣੇ ਮਨ ਤੇ ਭੀ ਪੈਂਦਾ ਹੈ ਅਤੇ ਸਰੋਤਿਆ ਉਪਰ ਭੀ। ਜਿਥੇ ਕੀਰਤਨ ਵਕਤਾ ਦੇ ਸਾਦੇ ਤੇ ਸਵੱਛ ਬਸਤਰਾਂ ਦਾ ਪਰਭਾਵ ਵਾਤਾਵਰਨ ਤੇ ਪੈਂਦਾ ਹੈ ਉਥੇ ਦੀਵਾਨਾਂ ਵਿਚ ਕੀਰਤਨੀਆਂ ਦੇ ਬੈਠਣ ਦੀ ਥਾਂ ਦੀ ਵੀ ਬੜੀ ਮਹੱਤਤਾ ਹੈ।

-੪-

ਸਭ ਪੁਰਾਤਨ ਅਤੇ ਇਤਿਹਾਸਕ ਗੁਰਦੁਆਰਿਆਂ ਵਿਚ ਕੀਰਤਨੀਆਂ ਦੀ ਵਿਛਾਈ (ਬੈਠਣ ਦੀ ਜਗ੍ਹਾ) ਹਮੇਸ਼ਾਂ ਗੁਰੂ ਮਹਾਰਾਜ ਦੇ ਪ੍ਰਕਾਸ਼ ਅਸਥਾਨ ਦੇ ਖਬੇ ਜਾਂ ਸੱਜੇ ਪਾਸੇ ਲੰਬ ਕੋਣ ( Perpendicular ) ਦੀ ਦਿਸ਼ਾ ਵਿਚ ਰਹੀ ਹੈ ਅਤੇ ਹੁਣ ਭੀ ਬਹੁਤ ਸਾਰੇ ਗੁਰਦੁਆਰਿਆਂ ਵਿਚ ਇਹੀ ਦਿਸ਼ਾ ਕਾਇਮ ਹੈ ( ਜਿਵੇਂ ਕਿ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਹੈ, ਜਾਂ ਤਰਨ ਤਾਰਨ ਸਾਹਿਬ, ਦਿੱਲੀ ਵਿਖੇ ਗੁਰਦੁਆਰਾ ਬੰਗਲਾ ਸਾਹਿਬ, ਸੀਸ ਗੰਜ ਸਾਹਿਬ, ਮੋਤੀ ਬਾਗ ਆਦਿ ਦੇ ਗੁਰ-ਦੁਆਰਿਆਂ ਵਿਚ ਰਾਗੀ ਸਿੰਘਾਂ ਦੇ ਅਸਥਾਨ ਹਨ।) ਇਸ ਵਿਛਾਈ ਦੀ ਦਿਸ਼ਾ ਪੁਰਾਤਨ ਪ੍ਰੰਪਰਾ ਅਨੁਸਾਰ ਸਤਿਗੁਰਾਂ ਦੇ ਪ੍ਰਕਾਸ਼ ਦੇ ਸਮਾਨ ਅੰਤਰ ਨਹੀ ਹੈ। ਸੋ, ਕੀਰਤਨੀਆਂ ਦੇ ਬੈਠਣ ਦੀ ਜਗ੍ਹਾ ਗੁਰੂ ਮਹਾਰਾਜ ਦੀ ਬਰਾਬਰੀ ਦੀ ਸੇਧ, ਵਿਚ ਨਹੀ ਹੋਣੀ ਚਾਹੀਦੀ। ਅਗੇ ਨਾ ਕਦੇ ਐਸੀ ਦਿਸ਼ਾ ਵਿਚ ਕੀਰਤਨੀਏ ਬੈਠਦੇ ਸਨ ਅਤੇ ਨਾ ਹੀ ਹੁਣ ਬੈਠਣੇ ਜਾਂ ਬਿਠਾਉਂਣੇ ਚਾਹੀਦੇ ਹਨ। ਇਹ ਹਮੇਸ਼ਾਂ ਬਾਬਾ ਜੀ ਦੇ ਖੱਬੇ ਜਾਂ ਸੱਜੇ ਪਾਸੇ ਬੈਠਦੇ ਰਹੇ ਹਨ। ਹੁਣ ਦੇਖਣ ਵਿਚ ਆ ਰਿਹਾ ਹੈ ਕਿ ਕੁਝ ਗੁਰਦੁਆਰਿਆਂ ਜਾਂ ਦੀਵਾਨ ਅਸਥਾਨਾਂ ਵਿਚ ਕੀਰਤਨੀਆਂ ਦੀ ਸਟੇਜ ਦੀ ਦਿਸ਼ਾ ਗੁਰੂ ਪ੍ਰਕਾਸ਼ ਦੇ ਬਰਾਬਰੀ ਦੀ ਸੇਧ ਅਥਵਾ ਸਮਾਨ ਅੰਤਰ ਜਾਂ ਥੋੜੀ ਤਿਰਛੀ ਕਰਕੇ ਲਗਣੀ ਸ਼ੁਰੂ ਹੋ ਗਈ ਹੈ। ਇਸ ਤਰਾਂ ਕੀਤਿਆਂ ਗੁਰੂ ਦੇ ਕੀਰਤਨੀਆਂ ਦੀ ਪਰਧਾਨਤਾ ਸ੍ਰੀ ਗੁਰੂ ਮਹਾਰਾਜ ਜੀ, ਜਿਨ੍ਹਾਂ ਦੀ ਹਜ਼ੂਰੀ ਵਿਚ ਉਹ


ਕੀਰਤਨ ਕਰਦੇ ਹੋਣੇ ਚਾਹੀਦੇ ਹਨ, ਦੀ ਪਰਧਾਨਤਾ ਦੇ ਬਰਾਬਰ, ਬਲਕਿ ਵਡੇਰੀ ਪਰਗਟ ਹੁੰਦੀ ਹੈ ਜਾਂ ਬਣ ਜਾਂਦੀ ਹੈ। ਕਈ ਵਾਰੀ ਕੀਰਤਨੀਏ ਆਪਣੀ ਬਿਰਤੀ ਵਿਚ, ਆਪਣੇ ਆਪ ਨੂੰ ਗੁਰੂ ਦੇ ਕੀਰਤਨੀਏ ਘੱਟ, ਪ੍ਰੰਤੂ ਸੰਗਤਾਂ ਦਾ ਮੁੱਖ ਸੰਬੋਧਿਕ ਵਧੇਰੇ ਸਮਝਣ ਲਗ ਪੈਂਦੇ ਹਨ। ਇਸ ਗਲਤ ਥਾਂ ਦੀ ਬੈਠਕ ਨਾਲ ਉਨ੍ਹਾਂ ਦੀ ਐਸੀ ਬਿਰਤੀ ਸੁਭਾਵਕ ਹੀ ਬਣ ਸਕਦੀ ਹੈ ਜਾਂ ਬਣ ਜਾਂਦੀ ਹੈ। ਕੁਦਰਤੀ ਗੱਲ ਹੈ ਕਿ ਕੀਰਤਨ ਕਰਨ ਵਾਲਿਆਂ ਦਾ ਧਿਆਨ ਸਤਿਗੁਰਾਂ ਦੀ ਹਜ਼ੂਰੀ ਵਲੋਂ ਉਖੜ ਕੇ ਸਤਿਗੁਰਾਂ ਦੀ ਸੰਗਤ ਨੂੰ ਸੰਬੋਧਨ ਕਰਨ ਵਿਚ ਹੀ ਲਗ ਜਾਂਦਾ ਹੈ। ਜਦੋਂ ਕੀਰਤਨੀਏ ਅਥਵਾ ਰਾਗੀ ਸਿੰਘ ਇਸ ਦਸ਼ਾ ਅਤੇ ਇਸ ਦਿਸ਼ਾ ਵਿਚ ਬੈਠੇ ਹੁੰਦੇ ਹਨ ਤਾਂ ਸੰਗਤਾਂ ਦਾ ਧਿਆਨ ਵੀ ਗੁਰੂ ਪ੍ਰਕਾਸ਼ ਦੇ ਦਰਸ਼ਨਾਂ ਤੋਂ ਉਖੜ ਕੇ ਕੀਰਤਨੀਆਂ ਦੇ ਮੁਖਾਰਬਿੰਦ ਜਾਂ ਉਨ੍ਹਾਂ ਦੀਆਂ ਅਦਾਇਗੀ ਹਰਕਤਾਂ ਵਲ ਜ਼ਿਆਦਾ ਹੋ ਜਾਂਦਾ ਹੈ। ਸੋ ਗੁਰੂ ਦੇ ਕੀਰਤਨੀਆਂ ਦੇ ਬੈਠਣ ਜਾ ਉਨ੍ਹਾਂ ਨੂੰ ਬਿਠਾਉਣ ਦੀ ਵਿਛਾਈ ਦੀ ਦਿਸ਼ਾ ਪੁਰਾਤਨ ਵਿਰਸੇ ਅਨੁਸਾਰ ਕਾਇਮ ਰੱਖਣੀ ਚਾਹੀਦੀ ਹੈ। ਇਸ ਨੂੰ ਬਦਲਣਾ ਠੀਕ ਨਹੀ ਹੈ ਅਤੇ ਗੁਰੂ ਦੀ ਹਜ਼ੂਰੀ ਵਿਚ ਹੀ ਗੁਰੂ ਦੀ ਵਡਿਆਈ ਨੂੰ ਮਧਮ ਪਾਉਣਾ ਹੈ।

***ਜਿਹੜੇ ਕੀਰਤਨੀਏ ਇਸ ਗੱਲ ਨੂੰ ਸਮਝਦੇ ਹਨ ਕਿ ਉਨ੍ਹਾਂ ਨੇ ਕੀਰਤਨ ਗੁਰੂ ਦੀ ਹਜ਼ੂਰੀ ਵਿਚ ਬੈਠ ਕੇ ਕਰਨਾ ਹੈ, ਉਹ ਗੁਰੂ ਮਹਾਰਾਜ ਦੀ ਬਰਾਬਰੀ ਤੇ ਲਗੀ ਸਟੇਜ ਤੇ ਬੈਠਣ ਤੋਂ ਪਰਹੇਜ ਕਰਦੇ ਹਨ ਅਤੇ ਸੁਰਤ ਰਾਹੀਂ ਉਸਤਤੀ ਅਤੇ ਬੇਨਤੀ ਦੀਆਂ ਤੁਕਾਂ ਸਤਿਗੁਰਾਂ ਨੂੰ, ਉਪਦੇਸ਼ ਦੀਆਂ ਆਪਣੇ ਮਨ ਨੂੰ ਸੁਣਾਉਂਦੇ ਹਨ।***

ਸਭ ਪੁਰਾਤਨ ਅਤੇ ਇਤਿਹਾਸਕ ਗੁਰਦੁਆਰਿਆਂ ਵਿਚ ਕੀਰਤਨੀਆਂ ਦੀ ਵਿਛਾਈ (ਬੈਠਣ ਦੀ ਜਗ੍ਹਾ) ਹਮੇਸ਼ਾਂ ਗੁਰੂ ਮਹਾਰਾਜ ਦੇ ਪ੍ਰਕਾਸ਼ ਅਸਥਾਨ ਦੇ ਖਬੇ ਜਾਂ ਸੱਜੇ ਪਾਸੇ ਲੰਬ ਕੋਣ ( Perpendicular ) ਦੀ ਦਿਸ਼ਾ ਵਿਚ ਰਹੀ ਹੈ ।



੧੯ਵੀਂ ਸਦੀ ਦੀ ਇਕ ਤਸਵੀਰ ਜਿਸ ਵਿਚ ਸ੍ਰੀ ਹਰਿਮੰਦਰ ਸਾਹਿਬ ਜੀ, ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਕੀਰਤਨੀ ਸਿੰਘਾਂ ਦੇ ਆਸਨ ਦੀ ਦਿਸ਼ਾ ਦੇਖੀ ਜਾ ਸਕਦੀ ਹੈ। ਇਹੀ ਦਿਸ਼ਾ ਸਾਡੇ ਵਿਰਸੇ ਦਾ ਰਵਾਜ਼ ਰਿਹਾ ਹੈ ਜੋ ਅੱਜ ਵੀ ਇਸੇ ਤਰ੍ਹਾਂ ਹੀ ਹੈ।




ਗੁਰੂ ਮਹਾਰਾਜ ਜੀ ਦੀ ਬਰਾਬਰੀ ਅਤੇ ਸਮਾਂਨ-ਅੰਤਰ ਵਿਚ ਕੀਰਤਨੀਆਂ ਦਾ ਇਹ ਅਸਥਾਨ ਉਚਿਤ ਨਹੀ (1)। ਇਸ ਅਸਥਾਨ ਨੂੰ ਜੇ ਥੋੜਾ ਤਿਰਛਾ ਭੀ ਕੀਤਾ ਜਾਵੇ ਤਾਂ ਭੀ ਪਰੰਪਰਾ ਅਨੁਸਾਰ ਠੀਕ ਨਹੀਂ ਹੈ (ਦੇਖੋ ਨੰ 2)।

ਪਰੰਪਰਾ ਅਨੁਸਾਰ ਕੀਰਤਨੀਆਂ ਦੇ ਬੈਠਣ ਦਾ ਅਸਥਾਨ ਇਸ ਦਿਸ਼ਾ ਵਿਚ ਉਚਿਤ ਹੈ। ਲੋੜ ਅਨੁਸਾਰ ਇਹ ਅਸਥਾਨ ਸਾਹਮਣੇ ਖੱਬੇ ਪਾਸੇ ਵੀ ਕੀਤਾ ਜਾ ਸਕਦਾ ਹੈ ਜੀ। (ਦੇਖੋ ਉਪਰ ਨੰ 3)।

**ਕੀਰਤਨੀਆਂ ਦੇ ਬੈਠਨ ਵਾਲੀ ਦਿਸ਼ਾ ਦੇ ਚਿੱਤਰਾਂ ਦਾ ਵੇਰਵਾ**

ਕੀਰਤਨੀਆਂ ਪ੍ਰਤੀ ਸੁਝਾਅ (ਬੇਨਤੀ) ਹੈ ਕਿ ਉਹ ਸ਼ਬਦ ਕੀਰਤਨ ਗੁਰੂ ਮਹਾਰਾਜ ਦੀ ਹਜ਼ੂਰੀ ਵਿੱਚ (ਉਪਰ ਦਿੱਤੀ ਦਿਸ਼ਾ ਨੰ: ੩ ਤੇ) ਬੈਠ ਕੇ ਹੀ ਕੀਤਾ ਕਰਨ। ਇੰਜ ਕੀਰਤਨ ਦਾ ਰਸ ਵਧੇਰੇ ਬਣਦਾ ਹੈ। ਦਿਸ਼ਾ ਨੰ: ੧ ਅਤੇ ੨ ਵਿਚ ਬੈਠਣ ਨਾਲ ਕੀਰਤਨੀਏ ਸੰਗਤਾਂ ਦੇ ਸੰਬੋਧਕ ਹੀ ਬਣ ਬੈਠਦੇ ਹਨ ਅਤੇ ਗੁਰੂ ਘਰ ਦੇ ਕੀਰਤਨੀਏ ਹੋਣੋ ਘਟ ਦਿੱਸਦੇ ਹਨ।

***Courtesy Notes: Sketches of Parkash Asthaan and Fig no. 1 are adapted from "Who are the Sikhs" published by Guru Nanak Institute of Sikh Studies, Oslo-10, Norway and Fig no. 2 and 3 are sketched by S. Harpreet Singh Nijjar, 954, Phase 3-B-2, Mohali.***



ਇਸ ਤਸਵੀਰ ਵਿਚ ਦੇਖੋ ਭਾਈ ਮਰਦਾਨਾ ਜੀ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਬਰਾਬਰ (ਸਮਾਨ ਅੰਤਰ) ਨਹੀ ਬੈਠੇ। ਸਾਈਡ ਤੇ ਬੈਠੇ ਸ਼ਬਦ ਪੜ੍ਹ ਰਹੇ ਹਨ।

# 2) ਕੜਾ ਕਿ ਲੋਹੇ ਦੀ ਵੰਗ ?

ਬਚਪਨ ਤੋਂ ਕੜੇ ਦੀ ਵਿਆਖਿਆ ਸੁਣੀ ਹੈ । ਇਸ ਨੂੰ ਗੁਰੂ ਜੀ ਵਲੋਂ ਦਿਤਾ ਗਿਫਟ ਅਥਵਾ ਤੋਫਾ ਸੁਣਿਆ ਹੈ ਤੇ ਮੰਨਿਆ ਹੈ । ਕਿਸੇ ਵਲੋਂ ਪਿਆਰ ਨਾਲ ਦਿਤੇ ਤੋਫੇ ਨੂੰ ਕਦਰ ਨਾਲ ਸੰਭਾਲੀਦਾ ਹੈ । ਤਿਵੇਂ ਕੜਾ ਭੀ ਦਸਮ ਪਾਤਸ਼ਾਹ ਜੀ ਵਲੋਂ ਬਖਸ਼ੇ ਪੰਜ ਕਕਾਰਾਂ ਦੇ ਤੋਫਿਆਂ ਵਿਚੋਂ ਇਕ ਵਿਸ਼ੇਸ਼ ਤੋਫਾ ਹੈ । ਇਸ ਦੀ ਧਾਤ ਅਤੇ ਨੁਹਾਰ ਵੀ ਵਿਸ਼ੇਸ਼ ਹੈ ।

ਕੜੇ ਦਾ ਬਾਹਰਲਾ ਲੈਵਲ ਵਿਚਕਾਰੋਂ ਉਭਰਿਆ ਹੁੰਦਾ ਹੈ ਅਤੇ ਇਸ ਉਭਾਰ ਉਪਰ ਇਕ ਤਿਖੀ ਚੋਟੀ (Ridge) ਦਾ ਚਕਰ ਫਿਰਦਾ ਹੈ । ਇਸ ਉਭਾਰੀ ਚਕਰ ਦੇ ਸਮਾਂਨ-ਅੰਤਰ ਇਕ ਯਾਂ ਵਧੇਰੇ ਹੋਰ ਚਕਰਾਂ ਦੇ ਨਿਕੇ ਉਭਾਰ ਭੀ ਹੋ ਸਕਦੇ ਹਨ । ਪ੍ਰੰਤੂ, ਯਾਦ ਰਹੇ ਕਿ ਕੜੇ ਦਾ ਬਾਹਰਲਾ ਤਲ (Outer Surface) ਕਦੇ ਭੀ ਵੰਗ ਵਰਗਾ ਚਪਟਾ ਯਾਂ ਥੋੜਾ ਕੌਨਵੈਕਸ (auv~ql) ਨਹੀ ਹੁੰਦਾ । ਕੜੇ ਦੇ ਅੰਦਰਲੇ ਤਲ ( Inner Surface ) ਵਿਚ ਕੋਈ ਚੋਭ ਨਹੀ ਹੁੰਦੀ । ਕੜੇ ਦੀ ਨੁਹਾਰ ਵਿਚ ਇਸ ਦੇ ਬਾਹਰਲੇ ਤਲ ਉਪਰ ਵਿਚਕਾਰੋਂ ਇਕ ਤਿਖੀ ਉਭਾਰ ਦਾ ਹੋਣਾ ਜ਼ਰੂਰੀ ਹੈ ਜੋ ਇਸ ਨੂੰ ਇਕ ਆਪਣੀ ਕਿਸਮ ਦਾ ਡੀਫੈਨਸਿਵ (ਬਚਾਅ) ਜਾਂ ਉਫੈਨਸਿਵ (ਵਾਰ ਕਰਣ ਵਾਲਾ) ਸ਼ਸਤਰ ਭੀ ਬਣਾ ਦੇਂਦਾ ਹੈ । ਤਿਖੀ ਨੁਹਾਰ ਤੋਂ ਬਿਨਾਂ ਕੜੇ ਨੂੰ "ਵੰਗੀ-ਨੁਹਾਰ" ਦੇ ਕੇ ਇਸ ਦੇ ਇਹ ਦੋਨੋਂ ਗੁਣ ਅਲੋਪ ਹੋ ਜਾਂਦੇ ਹਨ । ਇਕ ਕੁਦਰਤੀ ਨਿਯਮ ਅਨੁਸਾਰ ਭੀ ਇਸ ridge ਦੇ ਉਪਰ ਅਲੈਕਟਰੌਨਜ਼ ਦੀ ਤਹਿ ਹੁੰਦੀ ਹੈ । ਫਿਜ਼ਿਕਸ ਦੀ ਸਾਇੰਸ ਵਿਚ ਇਕ ਕੁਦਰਤੀ ਨਿਯਮ ਹੈ ਕਿ "Electricity resides on the point" ।

ਜੋ ਕੁਝ ਭੀ ਹੈ ਇਹ ਗਲ ਪਕੀ ਹੈ ਕਿ ਕੜੇ ਦੀ ਨੁਹਾਰ ਵੰਗ ਵਰਗੀ ਨਹੀ ਹੁੰਦੀ, ਬਲਕਿ ਇਸ ਦੇ ਸੈਂਟਰ ਵਿਚ (ਬਾਹਰਲੇ ਪਾਸੇ) ਇਕ ਤਿਖੀ ਚੋਟੀ (ridge) ਦਾ ਚਕਰ ਫਿਰਦਾ ਹੈ । (ਜੋਗੀਆਂ ਤੇ ਨਾਥਾਂ ਦੇ ਹਥਾਂ ਵਿਚ ਸਿੱਖੀ ਧਾਰਨਾਂ ਵਾਲੇ ਕੜੇ ਨਹੀ, ਪ੍ਰੰਤੂ ਵੰਗ- ਨੁਮਾ ਚਕਰ ਹੀ ਹੁੰਦੇ ਹਨ । ਪ੍ਰਚਲਤ ਬੋਲੀ ਵਿਚ ਕਹਿਣ ਨੂੰ ਭਾਵੇਂ ਇਨ੍ਹਾਂ ਨੂੰ ਕੜੇ ਹੀ ਆਖ ਦਈਦਾ ਹੈ।) ਨਿਹੰਗ ਸਿੰਘਾਂ ਅਤੇ ਗੁਰਸਿਖਾਂ ਦੇ ਹਥਾਂ ਵਿਚ ਧਾਰ ਵਾਲਾ ਲੋਹੇ ਦਾ ਕੜਾ ਹੁੰਦਾ ਹੈ । ਮੁਸ਼ਕਲ ਇਹ ਹੋ ਗਈ ਹੈ ਕਿ ਸਿਖਾਂ ਨੇ ਕੜੇ ਦੀ ਪਛਾਣ ਭੀ ਭੁਲਾ ਦਿਤੀ ਹੈ (ਦੇਖੋ ਅਗੇ ਦੋ ਦਿਤੀਆਂ ਤਸਵੀਰਾਂ) । ਅਸੀ ਬਹੁਤ ਸਾਰੇ ਲੋਕ ਕੜੇ ਦੀ ਥਾਂ ਫਖਰ ਨਾਲ ਹਥਾਂ ਵਿਚ ਲੋਹੇ ਦੀਆਂ ਮੋਟੀਆਂ ਯਾਂ ਪਤਲੀਆਂ ਵੰਗਾਂ ਹੀ ਪਾਈ ਫਿਰਦੇ ਹਾਂ ।

ਕੜੇ ਦੀ ਧਾਤ ਸਰਬ-ਲੋਹ ਦੀ ਹੁੰਦੀ ਹੈ । ਸੋਨੇ, ਚਾਂਦੀ ਯਾਂ ਕਿਸੀ ਹੋਰ ਧਾਤ ਦੀ ਨਹੀ ।

ਮੈਂ ਪਿਛਲੇ ਸਾਲ ਹੋਲੇ-ਮਹਲੇ ਦੇ ਦਿਨਾਂ ਵਿਚ ਤਖਤ ਸ੍ਰੀ ਕੇਸਗੜ੍ਹ ਸਾਹਿਬ ਗਿਆ । ਇਕ ਬਚੇ ਵਾਸਤੇ ਕੜਾ ਲੈਣਾਂ ਸੀ । ਅਨੰਦਪੁਰ ਸਾਹਿਬ, ਮੈਂ ਲਗਭਗ ਮੁਨਿਆਰੀ ਦੀਆਂ ਸਭ ਦੁਕਾਨਾਂ ਤੇ ਫਿਰਿਆ, ਜਿਥੇ ਕਿਰਪਾਨਾਂ, ਸਿਮਰਨੇ, ਕੰਘੇ ਅਤੇ ਕਹਿਣ ਨੂੰ ਕੜੇ ਵੀ ਰਖੇ ਹੋਏ ਸਨ । ਦੁਖ ਨਾਲ ਦਸ ਰਿਹਾ ਹਾਂ ਕਿ ਮੈਨੂੰ ਕਿਸੇ ਵੀ ਦੁਕਾਨ ਤੇ ਠੀਕ ਨੁਹਾਰ ਵਾਲਾ ਕੜਾ ਨਹੀ ਲਭਿਆ । ਸਭ ਲੋਹੇ ਦੀਆਂ ਗੋਲ ਵੰਗਾਂ ਹੀ ਸਨ, ਕੋਈ ਮੋਟੀ ਤੇ ਕੋਈ ਪਤਲੀ । ੧੮ ਅਗਸਤ ਨੂੰ ਖਾਲਸਾ ਸਕੂਲ ਸਰੀ (ਵੈਨਕੂਵਰ) ਵਿਚ ਸਤਨਾਮ ਟ੍ਰਸਟ ਵਲੋ ਲਗੇ ਇਕ ਸਟੌਲ ਵਿਚ ਭੀ ਮੈਨੂੰ ਕੋਈ ਕੜਾ ਨਹੀ ਲਭਿਆ । ਸਭ ਲੋਹੇ ਦੀਆਂ ਵੰਗਾਂ ਹੀ ਸਨ ।

ਬੇਨਤੀ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਹੋਰ ਸੰਸਥਾਵਾਂ ਸ਼ੁਧ ਸਰੂਪ ਦੇ ਕੜੇ ਦੇ ਵਿਰਸੇ ਨੂੰ ਸੰਭਾਲਣ ਜੀ । ਵੰਗ-ਨੁਮਾਂ ਕੜਿਆਂ ਦੀ ਚਲ ਰਹੀ ਪ੍ਰਥਾ ਤੇ ਰੋਕ ਪਾਉਣ ।

ਬਚਪਨ ਤੋ ਇਹ ਭੀ ਸੁਣਦੇ ਤੇ ਮੰਨਦੇ ਆ ਰਹੇ ਹਾਂ ਕਿ ਕੜੇ ਨੂੰ ਗੁਰਾਂ ਵਲੋਂ ਲਗੀ ਹਥ-ਕੜੀ ਭੀ ਸਮਝਣਾ ਚਾਹੀਦਾ ਹੈ । ਜਦੋਂ ਕੋਈ ਕੁਕਰਮ ਕਰਣ ਲਈ ਹਥ ਅਗੇ ਵਧੇ ਤਾਂ ਗੁਰਾਂ ਦੀ ਯਾਦ ਆ ਜਾਵੇ; ਹਥ ਕੁਕਰਮ ਕਰਨੋਂ ਰੁਕ ਜਾਵੇ । ਇਸੇ ਕਾਰਨ ਹੀ, ਕੜਾ ਸੱਜੇ ਹਥ ਵਿਚ ਪਾਇਆ ਜਾਂਦਾ ਹੈ, ਜਿਸ ਨਾਲ ਆਮ ਤੌਰ ਤੇ ਕੰਮ ਕਰੀਦਾ ਹੈ । ਖਬੇ ਹਥ ਕੰਮ ਕਰਣ ਵਾਲਿਆਂ ਨੂੰ ਕੜਾ ਖਬੇ ਹਥ ਵਿਚ ਸੁਸ਼ੋਬਤ ਹੈ ।



*(ਉਪਰੋਕਤ ਤਸਵੀਰ ਵਿਚ ਕੜੇ ਦੀ ਸ਼ੁਧ ਨੁਹਾਰ ਹੈ ਜਿਸ ਦੇ ਬਾਹਰਲੀ ਤਲ ਤੇ ਬਣੀ ਹੋਈ ਉਭਰੀ ਧਾਰ (Ridge) ਸਪਸ਼ਟ ਦਿਸ ਰਹੀ ਹੈ ।)*



*(ਉਪਰੋਕਤ ਤਸਵੀਰ ਇਕ ਲੋਹੇ ਦੀ ਵੰਗ ਹੈ ਜਿਸ ਦੇ ਸੈਂਟਰ ਵਿਚ ਬਾਹਰਲੀ ਤਲ ਉਪਰ ਕੋਈ ਧਾਰ ਅਥਵਾ (Ridge) ਦਾ ਉਭਾਰ ਨਹੀ ਹੈ ।)*

# 3) ਗੁਰਬਾਣੀ ਵਿਚ ਸਿਹਾਰੀ ਅਤੇ ਬਿਹਾਰੀ ( ਿ ਤੇ ੀ ) ਦਾ ਉਚਾਰਨ

ਸੰਨ ੧੯੪੭-੪੮ ਤੋਂ ਬਾਅਦ ਗੁਰਮੁਖੀ ਲਿੱਪੀ ਉਪਰ ਦੇਵ-ਨਾਗਰੀ (ਹਿੰਦੀ) ਦਾ ਪ੍ਰਭਾਵ ਪਿਆ ਹੈ ਜਿਸ ਕਾਰਣ ਅਸੀ ਗੁਰਬਾਣੀ ਦੇ ਪਾਠ ਦਾ ਸ਼ੁਧ ਉਚਾਰਨ ਭੀ ਭੁਲੀ ਜਾ ਰਹੇ ਹਾਂ। ਜਪੁਜੀ ਸਾਹਿਬ ਦੇ ਪਾਠ ਵਿਚ "ਸੁਣਿਐ " ਦੀਆਂ ਪਉੜੀਆਂ ਨੂੰ "ਸੁਣੀਐ" ਕਰਕੇ ਉਚਾਰਨ ਕਰਨਾਂ ਪ੍ਰਚਲਤ ਹੋ ਰਿਹਾ ਹੈ । ਆਸਾ ਦੀ ਵਾਰ ਵਿਚ ਆਏ "ਬੋਲਿਐ" ਅਖਰ ਨੂੰ ਰਾਗੀ ਸਿੰਘ "ਬੋਲੀਐ" ਉਚਾਰਨ ਕਰ ਜਾਂਦੇ ਹਨ । ਹਿੰਦੀ ਵਿਚ "ਭਗਤੀ ,ਸ਼ਕਤੀ, ਮੁਕਤੀ, ਜੁਗਤੀ" ਆਦਿ ਦੇ ਅਖੀਰਲੇ ਅਧੇ ਅਖਰ ਨੂੰ ਬਿਹਾਰੀ ( ੀ ) ਦੀ ਥਾਂ ਸਿਹਾਰੀ ( ਿ ) ਲਗਾਂਦੇ ਹਨ ਅਤੇ ਬੋਲਣ ਵਿਚ ਸਿਹਾਰੀ ਦੀ ਥਾਂ ਬਿਹਾਰੀ ਵਾਲੀ ਆਵਾਜ਼ ਉਚਾਰਦੇ ਹਨ। ਇਸ ਨਕਲ ਦੇ ਅਸਰ ਹੇਠਾਂ ਸਾਨੂੰ ਗੁਰਬਾਣੀ ਦਾ ਸ਼ੁਧ ਉਚਾਰਨ ਵਿਸਰ ਰਿਹਾ ਹੈ । ਅਸੀ ਵੀ ਗੁਰਬਾਣੀ ਉਚਾਰਨ ਸਮੇਂ ਸਿਹਾਰੀ ਦੀ ਥਾਂ ਬਿਹਾਰੀ ਵਾਲੀ ਆਵਾਜ਼ ਉਚਾਰ ਦਿੰਦੇ ਹਾਂ। “ਸੁਣਿਐ” ਅਖਰ ਵਿਚ ਸਿਹਾਰੀ ਦੀ ਥਾਂ ਬਿਹਾਰੀ ਦੀ ਆਵਾਜ਼ ਉਚਾਰ ਦਿੰਦੇ ਹਾਂ। ਗੁਰਮਤ ਅਨੁਸਾਰ ਸਾਨੂੰ ਸਿਹਾਰੀ ਤੇ ਬਿਹਾਰੀ ਦੇ ਚਿੰਨਾਂ ਦੇ ਸ਼ੁਧ ਓਚਾਰਨ ਦਾ ਗਿਆਨ ਹੋਣਾ ਚਾਹੀਦਾ ਹੈ । ਸਿਹਾਰੀ ਦੀ ਆਵਾਜ਼ ਐਸੀ ਹੈ ਜਿਵੇਂ ਅੰਗ੍ਰੇਜ਼ੀ ਦੇ 'ਫਿਟ' ( Fit ) ਅਖਰ ਵਿਚ ' i ' ਦੀ ਆਵਾਜ਼ ਬੋਲੀ ਜਾਂਦੀ ਹੈ ਅਤੇ ਬਿਹਾਰੀ ਦੀ ਆਵਾਜ਼ 'ਫੀਟ' ( Feet ) ਸ਼ਬਦ ਵਿਚ ' ee ' ਦੀ ਆਵਾਜ਼ ਵਰਗੀ ਹੈ । ਜੇ ਇਸ ਦਾ ਠੀਕ ਗਿਆਨ ਅਤੇ ਅਭਿਆਸ ਹੋ ਜਾਵੇ ਤਾਂ ਅਸੀ ਗੁਰਬਾਣੀ ਦੇ ਸੁਧ ਉਚਾਰਨ ਦੇ ਨਜ਼ਦੀਕ ਹੋ ਜਾਦੇ ਹਾਂ । ਉਧਾਰਣ ਦੇ ਤੌਰ ਤੇ " **ਸੁਣਿਐ** ਸਤੁ ਸੰਤੋਖੁ ਗਿਆਨੁ ।।" ਆਦਿ ਦੀਆਂ ਪਉੜੀਆਂ ਦਾ ਉਚਾਰਨ " ਸੁਣੀਐ ..." ਕਰਕੇ ਨਹੀ ਕਰਾਂਗੇ । ਇਵੇਂ ਹੀ ਆਸਾ ਦੀ ਵਾਰ ਵਿਚ ਆਏ "ਨਾਨਕ ਫਿਕੈ **ਬੋਲਿਐ** " ਦਾ ਪਾਠ "... ਫਿਕੈ ਬੋਲੀਐ " ਨਹੀ ਉਚਾਰਾਂਗੇ । "ਨਾਉ ਤੇਰਾ ਨਿਰੰਕਾਰ ਹੈ ਨਾਇ **ਲਇਐ** ਨਰਕ ਨ ਜਾਈਐ" ਵਿਚ "ਨਾਇ ਲਈਐ ..." ਦੀ ਗਲਤੀ ਨਹੀ ਕਰਾਂਗੇ ।

ਇਸ ਦੇ ਉਲਟ ਕਦੀ ਬਿਹਾਰੀ ਦੀ ਆਵਾਜ਼ ਸਿਹਾਰੀ ਦੀ ਆਵਾਜ਼ ਵਾਂਗੂੰ ਪੜ ਜਾਂਦੇ ਹਾਂ ਜਿਵੇਂ ਕਿ "ਪੰਖੀ **ਭਉਦੀਆਂ** ਲੈਨਿ ਨ ਸਾਹ" ਨੂੰ "ਪੰਖੀ ਭਉਦਿਆਂ ..." ਉਚਾਰ ਜਾਈਦਾ ਹੈ।

ਸਿਹਾਰੀ ਤੇ ਬਿਹਾਰੀ ਦੇ ਫਰਕ ਨੂੰ ਹੇਠਲੇ ਦੋ ਪਰਚਲਤ ਅਖਰਾਂ ਨੂੰ ਸਮਝ ਕੇ ਸੌਖਾ ਨਿਖੇੜਿਆ ਤੇ ਸਮਝਿਆ ਜਾ ਸਕਦਾ ਹੈ। ਉਹ ਅਖਰ ਹਨ :

**"ਬਚਿਆਂ"** ਅਤੇ **"ਬਚੀਆਂ"** ।

ਜੇ ਇਹਨਾਂ ਵਿਚ ਆਏ ਸਿਹਾਰੀ ਅਤੇ ਬਿਹਾਰੀ ਦੀ ਆਵਾਜ਼ ਨੂੰ ਠੀਕ ਸਮਝ ਲਈਏ ਤਾਂ ਗੁਰਬਾਣੀ ਦੇ ਸ਼ੁਧ ਉਚਾਰਨ ਦਾ ਪਾਠ ਭੀ ਸੌਖਾ ਸਮਝਿਆ ਜਾ ਸਕਦਾ ਹੈ ।

ਨੋਟ: **ਹਰੇ** ਰੰਗ ਵਿਚ ਲਿਖੇ ਸ਼ਬਦਾਂ ਦੇ ਅਖਰ ਦਰੁਸਤ ਹਨ।
ਲਾਲ ਰੰਗ ਵਿਚ ਲਿਖੇ ਸ਼ਬਦਾਂ ਦੇ ਅਖਰ ਗਲਤ ਹਨ।

# 4) ਕੁਝ ਕੜਾਹ ਪ੍ਰਸ਼ਾਦਿ ਬਾਰੇ

## ਮਹਾਨਤਾ:

ਗਿਆਨੀ ਹਰਬੰਸ ਸਿੰਘ ਜੀ ਆਪਣੀ ਪੁਸਤਕ " ਕੜਾਹ ਪ੍ਰਸ਼ਾਦਿ ਮਰਿਯਾਦਾ ਨਿਰਣੈ" ਵਿਚ ਇਉਂ ਲਿਖਦੇ ਹਨ : " ਜਿਸ ਸਿਖ ਦਾ ਕਿਰਦਾਰ ਉਚਾ ਹੈ, ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਜਾਣਦਾ ਹੈ। ਜੋ ਗੁਰਮਤ ਮਰਿਯਾਦਾ ਅਨੁਸਾਰ ਕੜਾਹ ਪ੍ਰਸ਼ਾਦ ਭੇਟ ਕਰਕੇ ਅਰਦਾਸ ਭੇਟ ਕਰਦਾ ਹੈ ਉਸ ਦੀਆਂ ਸਾਰੀਆਂ ਕਾਮਨਾਵਾਂ ਗੁਰੂ ਪਾਤਸ਼ਾਹ ਜੀ ਪੂਰਨ ਕਰਦੇ ਹਨ। ਬਾਕੀ ਦੇਖਾ ਦੇਖੀ ਜਾਂ ਸੰਸਾਰਕ ਵਡਿਆਈਆਂ ਹਿਤ ਕੋਈ ਹਾਜ਼ਰੀ ਭਰਦਾ ਹੈ ਤਾਂ ਉਸ ਦਾ ਸੁਖਫਲ ਭੀ ਉਹੋ ਜਿਹਾ ਪਾ ਲੈਂਦਾ ਹੈ।"

ਸ੍ਰੀ ਮਾਨ ਸੰਤ ਬਾਬਾ ਹਰਨਾਮ ਸਿੰਘ ਜੀ ਕਿਲੇ ਵਾਲਿਆਂ ਨੇ ਇਕ ਦਿਨ ਇਉਂ ਆਖਿਆ:-

"ਪਿਆਰਿਓ .... ਭੁਲ ਨਾਂ ਜਾਣਾਂ ....ਅਕਾਲ ਪੁਰਖ ਨੂੰ ਭੋਗ ਲਗਦੈ ਕੜਾਹ ਪ੍ਰਸ਼ਾਦ ਦਾ ਇਹ ਮਹਾਰਾਜ ਦੀ ਖੁਰਾਕ ਹੈ। ਇਸ ਨੂੰ ਬਣਾਉਣ ਵਰਤਾਉਣ ਤੇ ਅਦਬ ਦੀ ਕਿਸੇ ਤਰਾਂ ਅਣਗਹਿਲੀ ਜਾਂ ਬੇ-ਅਦਬੀ ਨਾਂ ਹੋਵੇ।" ਇਹ ਭੀ ਆਖਿਆ ਕਿ ਪ੍ਰਸ਼ਾਦ ਸਜਾਉਣ ਸਮੇਂ ਸਵਛਤਾ ਰਖੋ ਤੇ ਗੁਰਬਾਣੀ ਦੇ ਪਾਠ ਦਾ ਉਚਾਰਣ ਕਰੋ। ਖੰਡ, ਸੀਧਾ (ਰਸਦ), ਘਿਉ, ਵਜ਼ਨ ਅਨੁਸਾਰ ਬਰਾਬਰ ਦੇ ਅਤੇ ਜਲ ਚਾਰ ਗੁਣਾਂ ਵਰਤੋ। ਬਹੁਤ ਗਰਮ ਗਰਮ ਪ੍ਰਸ਼ਾਦਿ ਭੀ ਹਜ਼ੂਰੀ ਵਿਚ ਨਹੀ ਲਿਜਾਵੋ। ਇਹ ਸਭ ਗਲਾਂ ਦਾ ਧਿਆਨ ਰਖੋ ਕਿ ਇਸ ਦਾ ਭੋਗ ਮਹਾਰਾਜ ਨੇ ਲਾਉਣਾ ਹੈ। ਸੋ ਅਦਬ ਸਤਿਕਾਰ ਨਾਲ ਦੇਗ ਸਜਾਵੋ ਜੀ। ਸਾਹਿਬ ਸਤਿਗੁਰੂ ਨਾਨਕ ਦੇਵ ਜੀ ਦੀ ਬਗ਼ਦਾਦ ਦੀ ਸਾਖੀ ਯਾਦ ਕਰੋ। ਪੀਰ ਬਹਾਉ ਦੀਨ ਦੇ ਬੇਟੇ ਨੂੰ ਲਖਾਂ ਅਕਾਸ਼ਾਂ ਪਾਤਾਲਾਂ ਦੀ ਸੈਰ ਕਰਾਈ ਅਤੇ ਅੰਤ ਵਿਚ ਕਿਸੇ ਮੰਡਲ ਵਿਚੋਂ ਕੜਾਹ ਪ੍ਰਸ਼ਾਦਿ ਦਾ ਇਕ ਕੌਲਾ ਵੀ ਨਾਲ ਲੈ ਆਏ। ਕੜਾਹ ਪ੍ਰਸ਼ਾਦਿ ਸ੍ਰੀ ਗੁਰੂ ਨਾਨਕ ਸਾਹਿਬ ਨੂੰ ਬਹੁਤ ਪਿਆਰਾ ਹੈ। ਭਾਈ ਗੁਰਦਾਸ ਜੀ ਨੇ ਵਾਰ ੧, ਪਉੜੀ ੩੬ ਵਿਚ ਇਸ ਪ੍ਰਸੰਗ ਨੂੰ ਇੰਝ ਲਿਖਿਆ ਹੈ:

*"ਪੁਛੇ ਪੀਰ ਤਕਰਾਰ ਕਰਿ ਏਹੁ ਫਕੀਰੁ ਵਡਾ ਅਤਾਈ॥ ਏਥੇ ਵਿਚਿ ਬਗਦਾਦ ਦੇ ਵਡੀ ਕਰਾਮਾਤਿ ਦਿਖਲਾਈ॥ ਪਾਤਾਲਾ ਆਕਾਸ ਲਖਿ ਓੜਕਿ ਭਾਲੀ ਖਬਰਿ ਸੁਣਾਈ॥ ਫੇਰਿ ਦੁਰਾਇਨ ਦਸਤਗੀਰ ਅਸੀ ਭਿ ਵੇਖਾ ਜੋ ਤੁਹਿ ਪਾਈ॥ ਨਾਲਿ ਲੀਤਾ ਬੇਟਾ ਪੀਰ ਦਾ ਅਖੀ ਮੀਟਿ ਗਇਆ ਹਵਾਈ॥ ਲਖ ਆਕਾਸ ਪਤਾਲ ਲਖ ਅਖਿ ਫੁਰਕ ਵਿਚਿ ਸਭਿ ਦਿਖਲਾਈ॥ਭਰਿ ਕਚਕੌਲ ਪ੍ਰਸਾਦਿ ਦਾ ਧੁਰੋ ਪਤਾਲੋ ਲਈ ਕੜਾਹੀ॥ ਜ਼ਾਹਰ ਕਲਾ ਨ ਛਪੈ ਛਪਾਈ ॥੩੬॥"*

ਭਾਈ ਸਾਹਿਬ ਭਾਈ ਜੀਵਨ ਸਿੰਘ ਜੀ, ਜੋ ਅਖੰਡ ਕੀਰਤਨੀ ਜਥਿਆਂ ਦੇ ਮੁਖੀਆਂ ਵਿਚੋਂ ਹਨ ਉਹ ਭੀ ਅਰਦਾਸ ਕਰਨ ਸਮੇਂ " ਕੜਾਹ ਪ੍ਰਸ਼ਾਦਿ ਨੂੰ ਭੋਗ ਲਾਵੋ... ਅਤੇ ਸੀਤ ਪ੍ਰਸ਼ਾਦਿ ਸਾਧ ਸੰਗਤ ਨੂੰ ਬਖਸ਼ੋ" ਦੀ ਭਾਵਨਾ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਗੇ ਅਰਦਾਸ ਕਰਦੇ ਹਨ।

## ਪ੍ਰਸ਼ਾਦਿ ਦਾ ਵਰਤਾਉਣਾ:

ਪੁਰਾਤਨ ਰਵਾਇਤ ਅਨੁਸਾਰ ਅਰਦਾਸ ਅਤੇ ਗੁਰੂ ਮਹਾਰਾਜ ਦੇ ਵਾਕ ਲੈਣ ਤੋ ਬਾਅਦ ਦੇਗ ਕਿਰਪਾਨ ਭੇਟ ਹੁੰਦੀ ਆ ਰਹੀ ਹੈ। ਉਪਰੰਤ ਇਕ ਕੌਲੇ ਯਾਂ ਬਾਟੇ ਵਿਚ ਦੇਗ ਦਾ ਇਕ ਖੁਲਾ ਗਫਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮੰਜੀ ਸਾਹਿਬ ਹੇਠਾਂ ਸਜਾਇਆ ਜਾਂਦਾ ਅਥਵਾ ਭੇਟ ਕੀਤਾ ਜਾਂਦਾ ਹੈ। ਕਿਧਰੇ ਕਿਧਰੇ ਇਸ ਕੌਲ ਨੂੰ " ਨਾਨਕ-ਬਾਟਾ " ਵੀ ਆਖਦੇ ਸਨ। ਇਸ ਤੋਂ ਬਾਦ ਪੰਜਾਂ ਪਿਆਰਿਆਂ ਦਾ ਪ੍ਰਸ਼ਾਦਿ ਵਰਤਾ ਕੇ ਸੰਗਤਾਂ ਵਿਚ ਬਰਾਬਰ ਦਾ ਪ੍ਰਸ਼ਾਦਿ ਵੰਡਿਆ ਜਾਂਦਾ ਸੀ। ਅਜ ਕੱਲ ਇਹ ਮਰਿਯਾਦਾ ਧੁੰਧਲੀ ਹੋ ਰਹੀ ਹੈ ਅਥਵਾ ਬਦਲੀ ਜਾਂ ਰਹੀ ਹੈ। ਇਥੋਂ ਤਕ ਕਿ ਹੁਣ "ਨਾਨਕ ਬਾਟੇ ਦੀ ਵਾਰੀ ਪੰਜਾਂ ਪਿਆਰਿਆਂ ਦੀ ਵਾਰੀ ਤੋਂ ਬਾਦ ਵੀ ਨਹੀ ਆਉਂਦੀ। ਜੋ ਪ੍ਰਸ਼ਾਦਿ ਦਾ ਕੌਲ ਪਹਿਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਭੇਟ ਕੀਤਾ ਜਾਂਦਾ ਸੀ ਅੱਜ

ਅਨਮੱਤੀਆਂ ਦੇ ਤਕਰਾਰ ਤੋਂ ਘਬਰਾਉਦਿਆਂ ਇਹ ਕਹਿਣਾ ਸ਼ੁਰੂ ਕਰ ਦਿਤਾ ਗਿਆ ਹੈ ਕਿ ਇਹ ਗੱਫਾ ਕੇਵਲ ਗ੍ਰੰਥੀ ਸਿੰਘ ਜੀ ਦਾ ਹੀ ਹੈ। ਪ੍ਰਸ਼ਾਦਿ ਦਾ ਕੋਈ ਕੌਲ ਜਾਂ ਬਾਟਾ ਗੁਰੂ ਮਹਾਰਾਜ ਜੀ ਨੂੰ ਭੇਟ ਨਹੀ ਕੀਤਾ ਜਾਂਦਾ। ਇਸ ਨੂੰ ਮੰਜੀ ਸਾਹਿਬ ਤੋਂ ਬਾਹਰ ਕੁਝ ਹਟਵਾਂ ਜਾਂ ਸਾਈਡ ਤੇ ਪਈ ਮੇਜ਼ ਅਥਵਾ ਥੜੀ ਉਪਰ ਹੀ ਟਿਕਾ ਦਿਤਾ ਜਾਂਦਾ ਹੈ। ਮੈਂ ਬਚਪਨ ਵਿਚ ਇਹੋ ਦੇਖਿਆ ਹੈ ਕਿ ਪਹਿਲਾਂ ਕੌਲ ਗੁਰੂ ਮਹਾਰਾਜ ਦੀ ਭੇਟ ਹੁੰਦਾ ਸੀ। ਉਪਰੰਤ ਪੰਜਾਂ ਪਿਆਰਿਆਂ ਦਾ ਤੇ ਫੇਰ ਸਾਰੀ ਸੰਗਤ ਦੀ ਵਾਰੀ ਆਉਦੀ ਸੀ। ਨਾਨਕ ਬਾਟੇ ਦੀ ਪ੍ਰੋੜਤਾ ਸੋਢੀ ਹਰਭਜਨ ਸਿੰਘ ਜੀ ਦੀ ਪੁਸਤਕ " ਭਜਨ ਬੰਦਗੀ ਦਾ ਪ੍ਰਤਾਪ " ਪੰਨਾਂ ੨੩੫ ਤੀਜੀ ਐਡੀਸ਼ਨ ਵਿਚੋਂ ਵੀ ਮਿਲਦੀ ਹੈ।

ਧਿਆਨ ਰਖੀਏ ਕਿ ਗ੍ਰੰਥੀ ਸਾਹਿਬ ‘ ਨਾਨਕ ਬਾਟੇ ’ ਵਿਚੋਂ ਥੋੜੀ ਦੇਗ ਤਾਂ ਭਾਵੇਂ ਲੈ ਲੈਣ ਪ੍ਰੰਤੂ ਗ੍ਰੰਥੀ ਸਿੰਘ ਜੀ ਵਾਸਤੇ ਜੋ ਪ੍ਰਸ਼ਾਦਿ ਦਾ ਕੌਲ ਉਨਾਂ ਦੇ ਨਜ਼ਦੀਕ ਰਖ ਦਈਦਾ ਹੈ ਉਹ ‘ਨਾਨਕ ਬਾਟੇ’ ਜਾਂ ਉਸਦੇ ਤੁਲ ਕਦਾਚਿਤ ਨਹੀ ਹੈ।

# ਇਕ ਵਿਚਾਰ

ਕੋਈ ਸਤਰ ਕੁ ਸਾਲਾਂ ਤੋਂ, ਦੀਵਾਨਾਂ ਵਿਚ, ਅਰਦਾਸ ਦੀ ਸਮਾਪਤੀ ਉਪਰੰਤ “ਗੁਰੂ ਗ੍ਰੰਥ ਜੀ ਮਾਨਿਓ ਪਰਗਟ ਗੁਰਾਂ ਕੀ ਦੇਹ” ਸੰਗਤੀ ਰੂਪ ਵਿਚ ਗਾ ਰਹੇ ਹਾਂ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਦਸਾਂ ਪਾਤਸ਼ਾਹੀਆਂ ਦਾ ਸਰੂਪ ਜਾਣਦੇ ਹਾਂ। ਜਿਵੇਂ ਇਨ੍ਹਾਂ ਪਾਤਸ਼ਾਂਹੀਆਂ ਦੀ ਦੇਹ ਪੰਜ ਤੱਤਾਂ ਦੀ ਰਹੀ ਹੈ ਤਿਵੇਂ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਦੇਹ ਤੱਤਾਂ ਦੀ ਹੈ। ਸਾਡੇ ਇਸ਼ਟ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਭੌਤਕ ਸਰੀਰ ਹੈ। ਇਹ ਉਹਨਾਂ ਦਾ ਸਰਗੁਨ ਸਰੂਪ ਹੈ। ਇਸ ਸਰੂਪ ਅੰਦਰ ਜੋ ਗੁਰਬਾਣੀ ਦੇ ਅਖਰਾਂ ਦਾ ਭਾਵ ਹੈ ਉਹ ਅੰਤ੍ਰੀਵੀ, ਅਨੁਭਵੀ, ਅਨੁਪਮ ਰੂਪ ਹੈ ਅਤੇ ਸਾਡੇ ਇਸ਼ਟ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਨਿਰਗੁਨ ਸਰੂਪ ਹੈ। ਸੂਬੇਦਾਰ ਬਘੇਲ ਸਿੰਘ ਜੀ ਨੇ ਆਪਣੀ ਲਿਖੀ "ਪ੍ਰਗਟ ਗੁਰਾਂ ਕੀ ਦੇਹ" ਨਾਮੀ ਪੁਸਤਕ ਵਿਚ ਇਕ ਮਹਾਨ ਗਲ ਆਖੀ ਹੈ। ਉਹ ਲਿਖਦੇ ਹਨ “ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਸਰਗੁਣ ਸਰੂਪ ਵਿਚ 'ਸਤਿਗੁਰੂ' ਅਤੇ ਨਿਰਗੁਣ ਸਰੂਪ ਵਿਚ ਅਕਾਲ ਪੁਰਖ ! ਵਾਹਿਗੁਰੂ ਅਤੇ ਸ਼ਬਦ ਅਵਤਾਰ ਹਨ। ” ਸਿਖ ਜਗਤ “ਸਰਗੁਨ ਨਿਰਗੁਨ ਨਿਰੰਕਾਰ” ਦਾ ਉਪਾਸ਼ਕ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰਗੁਣ ਸਰੂਪ ਹੋਣਾ ਉਦੋਂ ਤੋਂ ਹੀ ਮੰਨਿਆਂ ਗਿਆ ਸੀ ਜਦੋਂ ਤੋਂ :-

# ਪੰਚਮ ਪਾਤਸ਼ਾਹ, ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਸ ਸਰੂਪ ਦੀਆਂ ਸੈਂਚੀਆਂ ਨੂੰ ਪਾਲਕੀਆਂ ਵਿਚ ਸਜਾਅ ਕੇ ਚੌਰ ਝੁਲਾਂਉਦੇ ਗੋਇੰਦਵਾਲ ਸਾਹਿਬ ਤੋਂ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਪੈਦਲ ਨੰਗੀਂ ਪੈਰੀਂ ਲੈ ਕੇ ਆਏ ਸਨ, ਅਤੇ ਫੇਰ

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਆਦਿ ਸਰੂਪ ਨੂੰ ਮੰਜੀ ਸਾਹਿਬ ਤੇ ਬਿਰਾਜਿਤ ਕਰਕੇ ਆਪਣਾ ਨਿਜੀ ਆਸਣ ਭੁੰਜੇ ਫਰਸ਼ ਤੇ ਕਰ ਲਿਆ ਸੀ। ਇਸੀ ਯਾਦ ਵਿਚ ਅਜ ਵੀ ਕੋਠਾ ਸਾਹਿਬ, ਅੰਮ੍ਰਿਤਸਰ ਸਾਹਿਬ ਵਿਖੇ ਰਾਤੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੁਖਾਸਣ ਹੁੰਦਾ ਹੈ। ਹੇਠਾਂ ਇਕ ਸਫੈਦ ਚਦਰ ਵੀ ਵਿਛਾਈ ਜਾਂਦੀ ਹੈ।

ਹੇਠ ਲਿਖੀਆਂ ਹੋਰ ਸ਼ੁਭ ਰਹੁ-ਰੀਤੀਆਂ ਸਿਖ ਜਗਤ ਵਿਚ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰਗੁਣ ਸਰੂਪ ਦੀ ਉਪਾਸ਼ਨਾ ਦੇ ਦ੍ਰਿਸ਼ ਹਨ :

# ਪ੍ਰਕਾਸ਼ ਸਮੇਂ ਮੰਜੀ ਸਾਹਿਬ ਦੇ ਅਗਲੇ ਪਾਸੇ ਸੋਹਣੇ ਰੁਮਾਲੇ ਵਿਛਾਉਂਣੇ।

# ਪਾਸਿਆਂ ਤੇ ਪਲਕਾਂ ਲਗਾਉਣੀਆਂ ਅਤੇ ਸਰੂਪ ਉਪਰ ਇਕ ਯਾਂ ਵਧ ਰੁਮਾਲੇ ਪਾਣੇ।

# ਮੰਜੀ ਸਾਹਿਬ ਯਾਂ ਪਾਲਕੀ ਸਾਹਿਬ ਉਪਰ ਸੋਹਣੇ ਸਤਿਗੁਰਾਂ ਦਾ “ਖਿਵੇ ਚੰਦੋਆ” ਦੀ ਮਰਿਯਾਦਾ ਨੂੰ ਕਾਇਮ ਰਖਣਾਂ।

# ਚੰਦੋਏ ਵਿਚ ਚਾਂਦੀ ਯਾਂ ਸੋਨੇ ਦਾ ਛੱਬਾ ਅਥਵਾ ਸ਼ੈਨਡਲੀਅਰ ਲਗਾ ਕੇ ਸਰਗੁਣ ਸਰੂਪ ਦੇ ਦਰਬਾਰ ਦੀ ਸਜਾਵਟ ਵਧਾਉਣੀ।

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਉਪਰ ਸਿਦਕ ਨਾਲ ਚੌਰ ਝੁਲਾਉਣੀ।

# ਹਜ਼ੂਰੀ ਵਿਚ ਸ਼ਸਤਰਾਂ ਨੂੰ ਸ਼ੰਘਾਰਨਾਂ।

# ਹਜ਼ੂਰੀ ਵਿਚ ਸੋਹਣੇ ਖੁਸ਼ਬੂਦਾਰ ਸੇਹਰੇ, ਫੁਲ ਅਤੇ ਫੁਲਾਂ ਦੇ ਗੁਲਦਸਤੇ ਰਖਣੇਂ।
# ਸਤਿਗੁਰਾਂ ਦੇ ਸਰੂਪ ਦੀਆਂ ਪਰਕਰਮਾਂ ਕਰਨੀਆਂ।
# ਸਤਿਗੁਰਾਂ ਦੇ ਸਰਗੁਣ ਸਰੂਪ ਅਗੇ ਮਥਾ ਟੇਕਣਾਂ ਅਤੇ ਦੋਨੋਂ ਹਥ ਜੋੜ ਕੇ, ਸਨਮੁਖ ਹੋ ਕੇ ਅਰਦਾਸਾਂ ਕਰਨੀਆਂ।
# ਸ਼ੁਧ ਘਿਉ ਦੀ ਜੋਤ ਜਗਾਉਣੀ ਅਤੇ ਧੂਪ ਧੁਖਾਉਣੇ।
# ਅਨੰਦ ਕਾਰਜ ਸਮੇਂ ਦੰਪਤੀ ਨੇ ਲਾਵਾਂ ਦੇ ਪਾਠ ਦੇ ਗਾਇਣ ਦੇ ਨਾਲ ਨਾਲ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਪਰਕਰਮਾਂ ਕਰਨੀਆਂ।
# ਰਾਤੀ ਮਹਾਂਰਾਜ ਦੇ ਸਰਗੁਣ ਸਰੂਪ ਦੇ ਟਿਕਾਣੇ ਨੂੰ "ਸੁਖ ਆਸਣ" ਦਾ ਟਿਕਾਣਾਂ ਮੰਨਣਾਂ।
# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੇਵਾ ਲਈ  ਸਾਫ, ਸਫੈਦ ਰੁਮਾਲਿਆਂ ਵਿਚ ਸੰਤੋਖਣਾਂ । ਇਸ ਤੋਂ ਬਾਅਦ ਚੌਰ ਸਾਹਿਬ ਝੁਲਾਉਦਿਆਂ ਅਤੇ ਸ਼ਬਦ ਪੜਦਿਆਂ ਮਹਾਰਾਜ ਨੂੰ ਸੁਖਾਸਣ ਅਸਥਾਨ ਤੇ ਲਜਾਉਣਾਂ।
# ਹੋਰ ਤਾਂ ਹੋਰ, ਖੰਡੇ ਬਾਟੇ ਦੇ ਅੰਮ੍ਰਿਤ ਦੀ ਤਿਆਰੀ ਅਤੇ ਸੰਚਾਰ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰਗੁਣ ਸਰੂਪ ਦੀ ਹਜ਼ੂਰੀ ਵਿਚ ਹੀ ਕਰਨਾਂ।

ਉਪਰੋਕਤ ਲਿਖੀਆਂ ਇਤਿ ਆਦਿ ਦੀਆਂ ਹੋਰ ਬਹੁਤ ਸਾਰੀਆਂ ਕਿਰਿਆਵਾਂ ਸਾਡੇ ਇਸਟ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰਗੁਣ ਸਰੂਪ ਦੀਆਂ ਉਪਾਸ਼ਨਾਂ ਦੇ ਢੰਗ ਹਨ। ਇਹ ਸਿਖ ਕੌਮ ਦਾ ਗੌਰਵ ਭਰਪੂਰ ਵਿਰਸਾ ਹੈ। ਇਸ ਉਪਰ ਸਾਨੂੰ ਫਖਰ ਹੈ, ਮਾਂਣ ਹੈ। ਇਹਨਾ ਤੋਂ ਮੁਨਕਰ ਹੋਣਾਂ ਸਾਡਾ ਆਤਮਘਾਤ ਹੈ।

ਪਰ ਇਹ ਸਮਝ ਨਹੀ ਆਉਦੀ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮੰਜੀ ਸਾਹਿਬ ਦੇ ਹੇਠਾਂ ਕੜਾਹ ਪ੍ਰਸ਼ਾਦਿ ਰਖ ਕੇ ਭੇਟਾ ਕਰਨ ਦੀ ਮਰਿਯਾਦਾ, ਤੋਂ ਕਿਉਂ ਪਰਹੇਜ਼ ਕਰਨ ਲਗ ਪਏ ਹਾਂ। (ਸ਼ਾਇਦ ਅਨਮਤੀਆਂ ਦੀ ਅਲੋਚਨਾਂ ਤੋਂ ਘਬਰਾਉਦੇ ਹੋਏ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਭੋਗ ਨੂੰ ਅਸੀ ਗ੍ਰੰਥੀ ਸਾਹਿਬ ਦਾ ਛਾਂਦਾ ਹੀ ਆਖ ਰਹੇ ਹਾਂ।)

ਖਾਲਸਾ ਜੀ, ਆਪਣਾਂ ਆਪ ਅਤੇ ਆਪਣਾ ਵਿਰਸਾ ਨਾਂ ਛੱਡੋ ਅਤੇ ਇਸ ਉਪਰ ਫਖ਼ਰ ਕਰੋ ਅਤੇ ਮਾਣ ਕਰੋ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕੋਈ ਮਨੱਖੀ ਅਕਲ ਨਾਲ ਲਿਖੀ ਪੁਸਤਕ ਨਹੀ ਹੈ। ਇਸ ਦੇ ਅੰਦਰ ਲਿਖੀ ਬਾਣੀ ਉਹ ਬਾਣੀ ਹੈ ਜੋ ਅਕਾਲ ਪੁਰਖ ਨੇ ਗੁਰੂ ਸਾਹਿਬਾਂ ਅਤੇ ਹੋਰ ਭਗਤਾਂ ਦੇ ਮੁਖਾਰਬਿੰਦ 'ਚੋਂ ਪਰਗਟ ਕੀਤੀ ਹੈ। ਇਹ ਬਾਣੀ "ਗੁਰਬਾਣੀ" ਅਖਵਾਉਂਦੀ ਹੈ। ਇਸ ਵਿਚ ਦਸਾਂ ਪਾਤਸ਼ਾਹੀਆਂ ਦੀ ਜੋਤ ਹੈ। ਅਕਾਲ ਪੁਰਖ ਦਾ ਆਪਣਾ ਵਿਸ਼ੇਸ਼ ਵਾਸਾ ਹੈ। ਕੜਾਹ ਪ੍ਰਸ਼ਾਦਿ ਦੀ ਪਰਵਾਨਗੀ ਕਿਰਪਾਨ ਭੇਟ ਕਰ ਕੇ ਲੈ ਲਈਦੀ ਹੈ। ਇਸ ਪਰਵਾਨ ਹੋਏ ਕੜਾਹ ਪ੍ਰਸ਼ਾਦਿ ਦਾ ਇਕ ਕੌਲ ਗੁਰੂ ਮਹਾਰਾਜ ਦੀ ਮੰਜੀ ਸਾਹਿਬ ਹੇਠਾਂ ਰਖੀਦਾ ਹੈ। ਇਹ ਪ੍ਰਸ਼ਾਦਿ ਜੋ ਸਤਿਗੁਰਾਂ ਦੀ ਮੰਜੀ ਸਾਹਿਬ ਹੇਠਾਂ ਰਖੀਦਾ ਹੈ, ਨੂੰ ਗੁਪਤ ਤੌਰ ਤੇ ਭੋਗ ਲਗਦਾ ਹੈ। ਕਿਸ ਤਰਾਂ? ਇਹ ਪੁਛੋ ਉਹਨਾਂ ਮਹਾਂਪੁਰਖਾਂ ਨੂੰ ਜਿਨਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰਗੁਣ ਸਰੂਪ ਨੂੰ ਸੱਚਮੁਚ "ਪ੍ਰਗਟ ਗੁਰਾਂ ਕੀ ਦੇਹ" ਮੰਨਿਆ ਹੈ ਤੇ ਦੇਖਿਆ ਹੈ ਜਾਂ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਪੁਛੋ ਜਿਨ੍ਹਾਂ ਨੇ ਬਗਦਾਦ ਵਿੱਚ ਸੱਚਖੰਡੀ ਮੰਡਲਾਂ ਵਿਚੋਂ ਕੜਾਹ ਪ੍ਰਸ਼ਾਦਿ ਦਾ ਕੌਲ ਲਿਆ ਕੇ ਪਰਗਟ ਕਰ ਦਿਖਲਾਇਆ ਹੈ।

ਸੰਗਤ ਜੀਓ, ਮਹਾਂਪੁਰਖੋ ਜੀਓ, ਖਾਲਸਾ ਜੀਓ, ਇਸ ਪੁਰਾਤਨ ਰਵਾਇਤ ਨੂੰ ਕਾਇਮ ਰਖ ਕੇ ਆਪਣੇ ਸਿਦਕ ਤੋਂ ਨਾਂ ਡੋਲੋ ਜੀ।

## ਕੁਝ ਹੋਰ ਵਿਚਾਰ ਭੀ

(੧)

ਜਿਸ ਪਰਾਤ ਯਾ ਬਾਟੇ ਵਿਚ ਕੜਾਹ ਪ੍ਰਸ਼ਾਦਿ ਪਾਕੇ ਤੇ ਸਵਛ ਕਪੜੇ ਨਾਲ ਢੱਕ ਕੇ ਲਿਆਈਦਾ ਹੈ, ਉਸੇ ਭਾਂਡੇ ਨੂੰ ਚੁੱਕ ਕੇ ਉਸ ਵਿਚੋਂ ਪ੍ਰਸ਼ਾਦਿ ਵਰਤਾਉਣਾ ਨਹੀ ਸ਼ੁਰੂ ਕਰ ਦੇਣਾਂ ਚਾਹੀਦਾ। ਇਹ ਬੜਾ ਕੋਝਾ ਢੰਗ ਹੈ। ਵਰਤਾਉਣ ਸਮੇਂ ਦੇਗ ਦੇ ਮੁਖ ਭੰਡਾਰੇ ਵਿਚੋਂ ਪ੍ਰਸ਼ਾਦਿ ਹੋਰ ਥਾਲੀਆਂ ਯਾਂ ਛੋਟੇ ਬਾਟਿਆਂ ਵਿਚ ਪਾਕੇ ਵਰਤਾਉਣਾਂ ਉਚਿਤ ਹੈ। ਮੁਖ ਭੰਡਾਰੇ ਵਾਲਾ ਦੇਗ ਦਾ ਬਰਤਨ ਮਹਾਂਰਾਜ ਦੀ ਹਜ਼ੂਰੀ ਵਿਚੋਂ ਨਹੀ ਚੁਕਣਾਂ ਚਾਹੀਦਾ। ਹਜ਼ੂਰੀ ਵਿਚ ਹੀ ਟਿਕਿਆ ਰਹਿਣਾ ਚਾਹੀਦਾ ਹੈ।

(੨)

ਦੇਗ ਛਕਣ ਉਪਰੰਤ ਹਥਾਂ ਤੇ ਲਗੀ ਥੰਦਿਆਈ ਲੱਤਾਂ ਪੈਰਾਂ ਤੇ ਮੱਲ ਕੇ ਸਾਫ ਕਰਨਾਂ ਬੇਅਦਬੀ ਹੈ। ਇਸ ਕਿਰਿਆ ਤੋਂ ਸੰਕੋਚ ਕਰੋ ਜੀ।

---

# 5) ਸ਼ਬਦ ਹਜ਼ਾਰੇ

ਪੁਰਾਤਨ ਗੁਰਸਿਖ ਜਪੁਜੀ ਸਾਹਿਬ ਦੇ ਪਾਠ ਨਾਲ ਸੱਤ ਹੋਰ ਸ਼ਬਦਾਂ ਦਾ ਪਾਠ ਕਰਦੇ ਸਨ। ਹੁਣ ਭੀ ਬਹੁਤ ਗੁਰਮੁਖ ਪਿਆਰੇ ਇਹਨਾਂ ਸੱਤਾਂ ਸਬਦਾਂ ਦਾ ਪਾਠ ਕਰਦੇ ਹਨ। ਇਹਨਾਂ ਸ਼ਬਦਾਂ ਦੇ ਸ਼ਮੂਹ ਦਾ ਪ੍ਰਚਲਤ ਨਾਮ "ਸ਼ਬਦ ਹਜ਼ਾਰੇ" ਕਰਕੇ ਪ੍ਰਚੱਲਤ ਹੈ। ਜਪੁਜੀ ਸਾਹਿਬ ਦੀ ਬਾਣੀ ਤੋਂ ਬਾਅਦ ਨਿਤਨੇਮ ਦੇ ਗੁਟਕਿਆਂ ਵਿਚ ਲਿਖੇ ਹੁੰਦੇ ਹਨ। ਸਿਵਾਏ ਅੰਮ੍ਰਿਤ ਤਿਆਰ ਕਰਣ ਦੇ ਸਮੇਂ ਤੋਂ ਛੁਟ ਇਹਨਾਂ ਦਾ ਪਾਠ ਜਪੁਜੀ ਸਾਹਿਬ ਦੀ ਬਾਣੀ ਨਾਲ ਹੁੰਦਾ ਚਲਿਆ ਆ ਰਿਹਾ ਹੈ। ਮੈਨੂੰ ਯਾਦ ਹੈ ਮੇਰੇ ਸੁਰਗਵਾਸੀ ਪਿਤਾ ਪ੍ਰੋ: ਕਰਤਾਰ ਸਿੰਘ ਜੀ ਇਹਨਾਂ ਸ਼ਬਦਾਂ ਦਾ ਪਾਠ, ਮਿਰਤਕ ਸਰੀਰ ਦੇ ਪਾਸ ਕੀਤੇ ਜਪੁਜੀ ਸਾਹਿਬ ਦੇ ਪਾਠ ਨਾਲ ਭੀ ਕਰ ਲੈਂਦੇ ਸਨ।

ਥੋੜੇ ਸਮਿਆਂ ਤੋਂ ਦੇਖਣ ਵਿਚ ਆ ਰਿਹਾ ਹੈ ਕਿ ਕੁਝ ਸੰਸਥਾਵਾਂ ਯਾਂ ਬੁਧੀਜੀਵਾਂ ਦੇ ਪ੍ਰਭਾਵ ਹੇਠਾਂ ਆ ਕੇ ਕੁਝ ਸਿਖਾਂ ਨੇਂ ਸ਼ਬਦ ਹਜ਼ਾਰਿਆਂ ਦਾ ਪਾਠ ਕਰਨਾਂ ਛਡਿਆ ਹੋਇਆ ਹੈ। ਦੁਖ ਵਾਲੀ ਗਲ ਤਾਂ ਇਹ ਹੈ ਕਿ ਗੁਰਬਾਣੀ ਦੇ ਛਾਪਣ ਵਾਲੇ ਪ੍ਰਿਟਰਜ਼ ਵੀ ਹੌਲੀ-ਹੌਲੀ ਇਹਨਾਂ ਸ਼ਬਦਾਂ ਨੂੰ ਗੁਟਕਿਆਂ ਵਿਚੋਂ ਅਲੋਪ ਕਰ ਰਹੇ ਹਨ। ਸਮੇਂ ਦੀ ਘਾਟ ਯਾਂ ਹੋਰ ਵਿਚਾਰਾਂ ਕਰਕੇ "ਸ਼ਬਦ ਹਜ਼ਾਰੇ" ਦਾ ਪਾਠ ਕਰੇ ਯਾਂ ਨਾਂ ਕਰੇ ਪਰ ਜੋ ਪੁਰਾਤਨ ਵਿਰਸੇ ਦੇ ਧਾਰਨੀ ਹਨ ਇਹਨਾਂ ਸ਼ਬਦਾਂ ਦਾ ਪਾਠ ਕਰਦੇ ਆ ਰਹੇ ਹਨ ਯਾਂ ਕਰਨਾਂ ਚਾਹੁੰਦੇ ਹਨ। ਨਿਤਨੇਮ ਦਿਆਂ ਗੁਟਕਿਆਂ ਵਿਚੋਂ ਇਹਨਾਂ ਸ਼ਬਦਾਂ ਨੂੰ ਤਲਾਂਜਲੀ ਦੇਣੀ ਆਪਣੇ ਗੌਰਵ ਭਰਪੂਰ ਵਿਰਸੇ ਦਾ ਤਿਆਗ ਹੈ।

## ਇਕ ਇਤਹਾਸਿਕ ਵਿਚਾਰ :

ਸ਼ਬਦ ਹਜ਼ਾਰਿਆਂ ਦੇ ਸੱਤ ਸ਼ਬਦਾਂ ਦੀਆਂ ਪਹਿਲੀਆਂ ਤੁਕਾਂ ਇਸ ਪਰਕਾਰ ਹਨ :-

੧) ਮਾਝ ਮਹਲਾ ੫ --- ਮੇਰਾ ਮਨ ਲੋਚੈ ਗੁਰ ਦਰਸਨ ਤਾਈ ॥

੨) ਧਨਾਸਰੀ ਮਹਲਾ ੧ --- ... ਜੀਉ ਡਰਤੁ ਹੈ ਆਪਣਾ ... ॥

੩) ਤਿਲੰਗ ਮਹਲਾ ੧ --- ... ਇਹੁ ਤਨੁ ਮਾਇਆ ਪਾਹਿਆ ਪਿਆਰੇ ...॥

੪) ਤਿਲੰਗ ਮ: ੧ ॥ ਇਆਨੜੀਏ ਮਾਨੜਾ ਕਾਇ ਕਰੇਹਿ ॥

੫) ਸੂਹੀ ਮਹਲਾ ੧॥ ਕਉਨ ਤਰਾਜੀ ਕਵਣੁ ਤੁਲਾ ...॥

੬) .... ਰਾਗ ਬਿਲਾਵਲੁ ਮਹਲਾ ੧ ...॥ ਤੂ ਸੁਲਤਾਨੁ ਕਹਾ ਹਉ ਮੀਆ ...॥

੭) ਬਿਲਾਵਲੁ ਮਹਲਾ ੧ ॥ਮਨੁ ਮੰਦਰੁ ਤਨੁ ਵੇਸ ਕਲੰਦਰੁ ... ॥

ਇਨ੍ਹਾਂ ਸੱਤਾਂ ਸਬਦਾਂ ਵਿਚੋਂ ਛੀ ਸ਼ਬਦ ਪਹਿਲੀ ਪਾਤਸ਼ਾਹੀ ਜੀ ਦੇ ਹਨ ਤੇ ਇਕ ਸ਼ਬਦ ਪੰਚਮ ਪਾਤਸ਼ਾਹੀ ਜੀ ਦਾ ਹੈ।

*(ਪਰਤੋ ਜੀ...)*

ਅਕਾਲੀ ਕੌਰ ਸਿੰਘ ਜੀ ਨਿਹੰਗ, ਕਰਤਾ "ਗੁਰੁ ਸ਼ਬਦ ਰਤਨ ਪ੍ਰਕਾਸ਼" (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤੁਕ ਕੋਸ਼) ਨੇਂ ਆਪਣੇ ਵਲੋਂ ਛਪਵਾਏ ਨਿਤਨੇਮ ਦੇ ਗੁਟਕਿਆਂ ਦੀ ਭੂਮਿਕਾ ਵਿਚ ਇਕ ਪ੍ਰਸੰਗ ਲਿਖਿਆ ਹੈ ਕਿ ਇਕ ਵਾਰੀ ਪੰਚਮ ਪਾਤਸ਼ਾਹ ਇਰਾਕੀ ਘੋੜੇ ਉਪਰ ਪਲਾਕੀ ਮਾਰ ਕੇ ਚੜਨ ਲਗੇ ਤਾਂ ਸੱਤ ਸ਼ਬਦਾਂ ਦਾ ਸਮੁੱਚਾ ਸੰਗ੍ਰਹਿ ਸਵਾਰੀ ਕਰਦੇ ਕਰਦੇ ਸੁਣਨਾ ਚਾਹਿਆ । ਉਸ ਸਮੇਂ ਭਾਈ ਗੁਰਦਾਸ ਜੀ ਨੇਂ ਇਕ ਬੰਦ ਰਚ ਕੇ ਇਉ ਕਹਿ ਸੁਣਾਇਆ :-

"ਤੂ ਸੁਲਤਾਨ ਕਹਾ ਹਉ ਮੀਆ"
"ਜੀਉ ਡਰਤ ਹੈ ਆਪਣਾ "।
"ਇਆਨੜੀਏ ਮਾਨੜਾ ਕਾਇ ਕਰੇਹਿ "
"ਇਹੁ ਤਨੁ ਮਾਇਆ " ਸੁਪਨਾ।
"ਮੇਰਾ ਮਨ ਲੋਚੈ ਗੁਰ ਦਰਸਨ ਤਾਈ "
"ਕਵਣ ਤਰਾਜੀ " ਹੋਇ ।
"ਮਨੁ ਮੰਦਰ ਤਨੁ ਵੇਸ " ਮੈ
ਪੇਖ ਰਮੀਈਆ ਸੋਇ।

ਇਹ ਸੁਣਕੇ ਪਾਤਸ਼ਾਹ ਨੇ ਫੁਰਮਾਂਨ ਕੀਤਾ ਕਿ ਇਨਾਂ ਸੱਤਾਂ ਸ਼ਬਦਾਂ ਦਾ ਪਾਠ ਨਿਤਾ ਪ੍ਰਤੀ ਜਪੁਜੀ ਸਾਹਿਬ ਨਾਲ ਕਰਿਆ ਕਰੋ । ਅਕਾਲੀ ਕੌਰ ਸਿੰਘ ਲਿਖਦੇ ਹਨ ਕਿ ਪਹਿਲਿਆਂ ਸਮਿਆਂ ਵਿਚ ਇਹਨਾਂ ਸ਼ਬਦਾ ਦਾ ਪਾਠ ਉਸੇ ਤਰਤੀਬ ਵਿਚ ਹੁੰਦਾ ਸੀ ਜਿਸ ਅਨੁਸਾਰ ਇਹ ਸਬਦ ਉਪਰੋਕਤ ਕਬਿਤ ਵਿਚ ਆਏ ਹਨ । ਜਦੋ ਤੋਂ ਛਾਪੇ ਖਾਨੇ ਵਾਲਿਆਂ ਨੇਂ ਗੁਰਬਾਣੀ ਪ੍ਰਿੰਟ ਕੀਤੀ ਹੈ ਉਦੋਂ ਤੋਂ ਇਹਨਾਂ ਸ਼ਬਦਾਂ ਦੀ ਤਰਤੀਬ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਿਆਂ ਅਨੁਸਾਰ ਹੋ ਗਈ ਹੈ ।

ਗੁਰਸਿਖਾਂ ਨੂੰ ਸਨਿਮਰ ਬੇਨਤੀ ਹੈ ਕਿ ਸ਼ਬਦ ਹਜ਼ਾਰਿਆਂ ਦੇ ਪਾਠ ਦਾ ਗੌਰਵ-ਭਰਪੂਰ ਵਿਰਸਾ ਸੰਭਾਲਣ ਜੀ ਅਤੇ ਪ੍ਰਿੰਟਰਜ਼ ਭੀ ਸ਼ਬਦ ਹਜ਼ਾਰਿਆਂ ਦੇ ਸੱਤ ਸ਼ਬਦਾਂ ਦੀ ਛਪਾਈ ਨੂੰ ਛਪਾਈ ਵਿਚੋਂ ਤਲਾਂਜਲੀ ਦੇਣ ਦੇ ਅਭਾਗੀ ਨਾਂ ਬਣਨ ।

# 6) ਚੌਰ ਸਾਹਿਬ ਝੁਲਾਉਣੀ ਕਿ ਝਲਣੀ ?

ਚੌਰ ਸਾਹਿਬ ਦੀ ਸੇਵਾ ਬੜੇ ਅਦਬ ਤੇ ਸਤਿਕਾਰ ਨਾਲ ਕਰਨੀ ਚਾਹੀਦੀ ਹੈ । ਇਹ ਰਾਜੇ ਮਹਾਂਰਾਜਿਆਂ ਦੇ ਸਤਿਕਾਰ ਅਤੇ ਹਕੂਮਤ ਅਥਵਾ Authority ਤੇ Sovereignity ਦੀ ਨਿਸ਼ਾਨੀ ਹੁੰਦੀ ਹੈ । ਵੀਹਵੀਂ ਸਦੀ ਤਕ ਵੀ ਚੀਨ ਦੇ ਬਾਦਸ਼ਾਹ ਦੇ ਉਪਰ ਚੌਰ ਝੁਲਦੀ ਆਈ ਹੈ । ਪੁਰਾਤਨ ਤਸਵੀਰਾਂ ਵਿਚ ਵੀ ਦੇਖੀਏ ਤਾਂ ਪਤਾ ਲਗਦਾ ਹੈ ਕਿ ਲਗੇ ਦਰਬਾਰਾਂ ਵਿਚ ਕੇਵਲ ਸਭ ਤੋਂ ਵਧੇਰੇ ਮਾਂਨਯੋਗ ਹਸਤੀ ਉਪਰ ਹੀ ਚੌਰ ਝੁਲਦੀ ਹੈ । ਕਈ ਵਾਰੀ ਇਕ ਤੋਂ ਵਧੀਕ ਚੌਰ-ਬਰਦਾਰ, ਤਖ਼ਤ ਉਪਰ ਬੈਠੇ ਮਹਾਂਰਾਜੇ ਯਾਂ ਦੇਵੀ-ਦੇਵਤਿਆਂ, ਅਵਤਾਰਾਂ ਆਦਿ ਦੇ ਪਿਛਲੇ ਪਾਸੇ ਖਲੋ ਕੇ ਉਹਨਾਂ ਦੇ ਸੀਸ ਉਪਰ ਹੌਲੀ-ਹੌਲੀ, ਰੁਕ-ਰੁਕ ਕੇ ਅਦਬ ਨਾਲ ਚੌਰ ਝੁਲਾਉਦੇ ਹਨ । ਇਥੋਂ ਇਹ ਪਰਤੀਤ ਹੁੰਦਾ ਹੈ ਕਿ ਲਗੇ ਦਰਬਾਰ ਯਾਂ ਦੀਵਾਨ ਵਿਚ ਸਭ ਤੋਂ ਉਤਮ ਅਤੇ ਸਭ ਤੋਂ ਵਧ ਮਾਨਯੋਗ ਹਸਤੀ ਉਹ ਹੈ ਜਿਸ ਉਪਰ ਚੌਰ ਝੁਲਦੀ ਹੈ ।

ਸਿਖ ਜਗਤ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਜੋ "ਰਾਜਨ ਕੇ ਰਾਜਾ ਮਹਾਰਾਜਨ ਕੇ ਮਹਾਰਾਜਾ" ਹਨ, ਦੇ ਸਰੂਪ ਉਪਰ ਚੌਰ ਝੁਲਾਂਉਦਾ ਆ ਰਿਹਾ ਹੈ । ਸਿਖ ਜਗਤ ਵਿਚ ਸਭ ਤੋਂ ਪੁਰਾਣੀ ਚੌਰ ਸਾਹਿਬ ਦੀ ਸੇਵਾ ਸ਼ਾਇਦ ਭਾਈ ਬਾਲਾ ਜੀ ਦੇ ਹਥ ਆਈ ਹੈ ਜੋ ਕਿ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਉਪਰ ਝੁਲਾਉਦੇ ਪੁਰਾਤਨ ਪੇਂਟਿੰਗਜ਼ ਵਿਚ ਦੇਖੇ ਜਾਂਦੇ ਹਨ ।

ਚੌਰ ਸਾਹਿਬ ਦੀ ਸੇਵਾ ੴ ਵਿਚ ਲਿਖੇ ਕਾਰ ਦੇ ਚਿੰਨ ਵਰਗੀ ਹੁੰਦੀ ਹੈ ਅਥਵਾ ਇਕ 'ਪੈਰਾਬੋਲਾ' ਵਰਗੀ । ਚੌਰ ਪਖੀ ਵਾਂਗੂ ਨਹੀ ਝਲੀਦੀ ਅਤੇ ਨਾਂ ਹੀ ਇਸ ਦੀ ਲਗਾਤਾਰੀ ਰਫਤਾਰ ਗਤਕੇ ਦੀ ਸੋਟੀਆਂ ਵਰਗੀ ਹੋਣੀ ਚਾਹੀਦੀ ਹੈ । ਕਈ ਲੋਗ ਅਨਭੋਲ ਹੀ ਗੁਰੂ ਸਾਹਿਬ ਉਪਰ ਇਸ ਨੂੰ ਪਖੀ ਵਾਂਗੂ ਝਲਣ ਲਗ ਪੈਂਦੇ ਹਨ ਜਾਂ ਸਿਧੇ ਦਾਅ ਨਾਲ ਇਸ ਨੂੰ ਇਤਨੀ ਤੇਜ਼ ਰਫਤਾਰੀ ਨਾਲ ਹਿਲਾਂਉਦੇ ਹਨ ਕਿ ਇਸ ਕਿਰਿਆ ਵਿਚ ਅਦਬ ਤੇ ਸਤਿਕਾਰ ਪਰਗਟ ਨਹੀ ਹੁੰਦਾ । ਨਾਂ ਹੀ ਇਹ ਸਤਿਕਾਰ ਬਾਹਰੀ ਰੂਪ ਵਿਚ ਪਰਗਟ ਦਿਸਦਾ ਹੈ ਅਤੇ ਨਾਂ ਹੀ ਚੌਰ-ਬਰਦਾਰ ਦੇ ਮਨ ਵਿਚੋਂ ਉਪਜਿਆ ਦਿਸਦਾ ਹੈ । ਸਤਿਗੁਰਾਂ ਦੇ ਸਰੂਪ ਉਪਰ ਚੌਰ ਝੁਲਾਈਦੀ ਹੈ, ਝਲੀਦੀ ਨਹੀਂ । ਜੇ ਚੌਰ ਸਾਹਿਬ ਦੀ ਸੇਵਾ ਇਸ ਚਿੱਤਰ ਦੀ ਦਿਸ਼ਾ ਵਿਚ ਸਹਿਜੇ-ਸਹਿਜੇ, ਠਰ੍ਹੰਮੇ ਨਾਲ, ਰੁੱਕ-ਰੁੱਕ ਕੇ ਕੀਤੀ ਜਾਵੇ ਤਾਂ ਇਸ ਨਾਲ ਦਰਬਾਰ ਅੰਦਰ ਸ਼ਹਿਨਸ਼ਾਹੀ ਪ੍ਰਭਾਵ ਪੈਂਦਾ ਹੈ ਅਤੇ ਸੁਰਤ ਸਿਦਕ ਵਿਚ ਵਧੇਰੇ ਟਿਕਦੀ ਹੈ।

ਜੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤਾਬਿਆ ਬੈਠੇ ਜਾਂ ਪਾਠ ਕਰਦਿਆਂ ਮਨ ਉਚਾਟ ਹੋ ਜਾਵੇ ਤਾਂ ਵਿੱਚ-ਵਿੱਚ


" ਰਾਜਨ ਮਹਿ ਤੂੰ ਰਾਜਾ ਕਹੀਅਹਿ ਭੂਮਨ ਮਹਿ ਭੂਮਾ ॥
ਠਾਕੁਰ ਮਹਿ ਠਕੁਰਾਈ ਤੇਰੀ ਕੋਮਲ ਸਿਰਿ ਕੋਮਾ ॥
ਪਿਤਾ ਮੇਰੋ ਬਡੋ ਧਨੀ ਅਗਮਾ ॥
ਉਸਤਤਿ ਕਵਨ ਕਰੀਜੈ ਕਰਤੇ ਪੇਖਿ ਰਹੇ ਬਿਸਮਾ ॥੧॥ ਰਹਾਉ॥ "

ਜਾਂ ਇਤਿਆਦਿ ਦੇ ਭਾਵਨਾਵਾਂ ਦੀਆਂ ਹੋਰ ਤੁਕਾਂ ਵੱਲ ਧਿਆਨ ਧਰ ਕੇ ਗੁਰੂ ਸਾਹਿਬ ਜੀ ਉਪਰ ਸਿਦਕ ਨਾਲ ਚੌਰ ਝੁਲਾ ਕੇ ਦੇਖੋ, ਮਨ ਟਿਕਾ ਵਿਚ ਹੋ ਜਾਵੇਗਾ, ਜੇ ਥਕਾਵਟ ਹੈ, ਉਹ ਰਹਿਸ (ਉਤਸ਼ਾਹ) ਵਿਚ ਬਦਲ ਜਾਵੇਗੀ।

ਸੋ ਸੰਗਤ ਜੀਉ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਉਪਰ ਚੌਰ ਝੁਲਾਉਣ ਦੀ ਸੇਵਾ ਕਰਦੇ ਹੋਏ ਸੁਰਤ ਵਿਚ ਇਹ ਧਿਆਨ ਰੱਖਣਾ ਉਚਿਤ ਹੈ ਕਿ ਇਹ ਚੌਰ ਝੁਲਾਉਣ ਦੀ ਸੇਵਾ 'ਰਾਜਨ ਕੇ ਰਾਜਾ ਮਹਾਰਾਜਨ ਕੇ ਮਹਾਰਾਜਾ' ਉਪਰ ਹੋ ਰਹੀ ਹੈ।
ਇਹ ਮੇਰੇ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ।

"ਰਾਜਾਨ ਰਾਜ ਭਾਨਾਨ ਭਾਨ॥
ਦੇਵਾਨ ਦੇਵ ਉਪਮਾ ਮਹਾਨ॥"

ਹੇਠਾਂ ਦਿਤੀ ਤਸਵੀਰ ਵਿਚ ਇਕ ਮਹਾਰਾਜੇ ਤੇ ਚੌਰਾਂ ਝਲ ਰਹੀਆਂ ਹਨ। ਇਥੋਂ ਚੌਰ ਦਾ ਪ੍ਰਭਾਵ ਦੇਖਿਆ ਜਾ ਸਕਦਾ ਹੈ।



# 7) "…. ਦਾ ਧਿਆਨ ਧਰ ਕੇ ਖਾਲਸਾ ਜੀ ਬੋਲੋ ਜੀ ….!!!"

-੧-

ਅਰਦਾਸ ਕਰਨ ਦੇ ਦੋ ਰੂਪ ਹਨ। ਇਕ ਕੇਵਲ ਨਿਜੀ ਅਰਦਾਸ ਹੈ ਅਤੇ ਦੂਸਰਾ ਰੂਪ ਸੰਗਤੀ-ਅਰਦਾਸ ਦਾ ਹੈ। ਨਿਜੀ ਅਰਦਾਸ ਕਿਸੀ ਭਾਸ਼ਾ ਵਿਚ, ਕਿਸੀ ਸਰੀਰਕ ਪੋਜ਼ੀਸ਼ਨ (Pose) ਵਿਚ ਅਤੇ ਕਿਸੇ ਸਮੇਂ ਵੀ ਕੀਤੀ ਜਾ ਸਕਦੀ ਹੈ। ਕਿਸੇ ਲੋੜਵੰਦ ਨੇ ਆਪਣੀ 'ਗਹੁਜ ਗਲ' ਆਪਦੇ ਗੁਰਦੇਵ ਨਾਲ ਕਰਨੀ ਹੋਵੇ ਤਾਂ ਕੇਵਲ ਉਹ ਹੀ ਜਾਣਦਾ ਹੈ ਕਿ ਉਹ ਗਲ ਉਸਨੇ ਕਿਤਨੀ ਵਾਰ ਜਾਂ ਕਿਤਨੀ ਲੰਬੀ ਕਰਨੀ ਹੈ। ਹਿਰਦੇ ਵਿਚੋਂ ਨਿਕਲੀ ਛੋਟੀ ਤੋਂ ਛੋਟੀ ਦੋ ਅਖੱਰੀ ਅਰਦਾਸ ਕਿ 'ਦਾਤਿਆ ਬਖਸ਼ੀਂ' ਵੀ ਬੜੀ ਮਹਾਨਤਾ ਰੱਖਦੀ ਹੈ।

-੨-

ਸੰਗਤ ਵਿਚ ਕੀਤੀ ਜਾ ਰਹੀ ਅਰਦਾਸ ਪੰਥ ਵਲੋਂ ਕੀਤੀ ਜਾ ਰਹੀ ਅਰਦਾਸ ਦਾ ਰੂਪ ਹੈ। ਸੰਗਤੀ ਰੂਪ ਵਿਚ ਹੋ ਰਹੀ ਅਰਦਾਸ ਵਿਚ ਸਾਰੀ ਸੰਗਤ ਹਥ ਜੋੜ ਕੇ, ਗੁਰੂ ਦਰਬਾਰ ਵਿਚ ਖੜ੍ਹੀ ਹੋ ਜਾਂਦੀ ਹੈ। ਸੰਗਤ ਵਲੋਂ ਅਰਦਾਸ ਉਚਾਰਨ ਦੀ ਸੇਵਾ ਕਿਸੇ ਇਕ ਯੋਗ ਗੁਰਮੁਖ ਨੂੰ ਸੌਂਪੀ ਹੁੰਦੀ ਹੈ। ਉਹ ਗੁਰਮੁਖ ਗਲ ਵਿਚ ਪੱਲਾ ਪਾ ਕੇ ਸੰਗਤ ਵਲੋਂ ਅਰਦਾਸ ਉਚਾਰਦੇ ਹਨ। ਸੰਗਤ ਇਸ ਉਚਾਰ ਨੂੰ ਧਿਆਨ ਨਾਲ ਸੁਣਦੀ ਹੋਈ ਸੁਰਤ ਰਾਹੀਂ ਸਤਿਗੁਰਾਂ ਦੇ ਦਰਬਾਰ ਵਿਚ ਭੇਟਾ ਕਰਦੀ ਹੈ।

ਅਰਦਾਸੀਏ ਦੀ ਸ਼ੈਲੀ ਗੁਰਮੱਤ ਅਨੁਸਾਰ ਅਤੇ ਰਵਾਨਗੀ (ਰਫਤਾਰ) ਨਾ ਬਹੁਤੀ ਤੇਜ਼ ਅਤੇ ਨਾ ਹੀ ਬਹੁਤੀ ਹੌਲੀ ਹੋਣੀ ਚਾਹੀਦੀ ਹੈ ਤਾਂ ਜੋ ਸੰਗਤ ਨੂੰ ਅਰਦਾਸ ਦੇ ਭਾਵ ਅਰਥ ਸੌਖੇ ਸਮਝ ਆਉਂਦੇ ਰਹਿਣ। ਸੰਗਤ ਦਾ ਫਰਜ਼ ਹੁੰਦਾ ਹੈ ਕਿ ਜਦੋਂ ਅਰਦਾਸੀਏ ਵਲੋਂ ਸੰਗਤ ਪ੍ਰਤੀ ਆਦੇਸ਼ ਆਵੇ ਕਿ "….ਦਾ ਧਿਆਨ ਧਰ ਕੇ ਖਾਲਸਾ ਜੀ, ਬੋਲੋ ਜੀ ਵਾਹਿਗੁਰੂ " ਤਾਂ ਸੰਗਤ ਇਸ ਦਿੱਤੇ ਸੰਕੇਤ ਅਨੁਸਾਰ ਸਿਦਕ ਨਾਲ " ਵਾਹਿਗੁਰੂ " ਸ਼ਬਦ ਉਚਾਰਨ ਕਰੇ ਅਤੇ ਇਸ ਉਚਾਰਨ ਦੀ ਸਰੋਤ ਅਰਦਾਸੀਏ ਤਕ ਵੀ ਸੁਣੇ। ਇੰਜ ਅਰਦਾਸ ਉਚਾਰਨ ਵਾਲੇ ਮੁਖੀ ਅਤੇ ਸੰਗਤਾਂ ਦੇ ਧਿਆਨ ਦਾ ਤਾਲਮੇਲ ਬਣਿਆ ਰਹਿੰਦਾ ਹੈ। ਜੇ ਸੰਗਤਾਂ ਵਲੋਂ 'ਵਾਹਿਗੁਰੂ' ਸ਼ਬਦ ਦਾ ਉਚਾਰਨ ਢਿੱਲਾ ਮੱਠਾ ਜਾਂ ਨਾ ਹੋਵੇ ਤਾਂ ਅਰਦਾਸੀਏ ਦੀ ਸੁਰਤ ਵਿਚ ਵੀ ਅਟਕ ਪੈਂਦੀ ਹੈ।

-੩-

ਪੰਥਕ ਅਰਦਾਸ ਦੇ ਦੋ ਜਾਂ ਤਿੰਨ ਮੁਖ ਭਾਗ ਹੁੰਦੇ ਹਨ। ਪਹਿਲੇ ਭਾਗ ਵਿਚ, ਸੰਗਤ ਆਪਣੇ ਗੁਰਦੇਵ ਅਕਾਲ ਪੁਰਖ ਨੂੰ ਯਾਦ ਕਰਕੇ, ਸੁਰਤ ਵਿਚ ਉਸ ਦਾ ਦਰਬਾਰ ਸਜਾਉਂਦੀ ਹੈ। ਇਹ ਉਹ ਦਰਬਾਰ ਹੈ ਜਿਸ ਅੱਗੇ ਸੰਗਤਾਂ ਨੇ ਅਰਦਾਸ ਕਰਨੀ ਹੈ। ਦੂਸਰੇ ਮੁੱਖ ਭਾਗ ਵਿਚ ਪੰਥ ਦੀਆਂ ਲੋੜਾਂ ਅਰਦਾਸਾਂ ਆਦਿ ਗੁਰਦੇਵ ਦੇ ਦਰਬਾਰ ਵਿਚ ਪੇਸ਼ ਕੀਤੀਆਂ ਜਾਂਦੀਆਂ ਹਨ। ਪਹਿਲੇ ਭਾਗ ਨੂੰ ਨਿਭਾਉਂਦੇ ਹੋਏ, ਪ੍ਰਥਮ (ਪਹਿਲੋਂ) ਅਕਾਲ ਪੁਰਖ ਦੀ ਸ਼ਕਤੀ, ਜਿਸਨੂੰ ਦਸਮ ਪਾਤਸ਼ਾਹ ਨੇ ਭਗਉਤੀ ਦਾ ਨਾਮ ਦਿਤਾ ਹੈ, ਨੂੰ ਸਿਮਰਦੇ ਹੋਏ, ਆਪਣੇ ਗੁਰਦੇਵ ਸਾਹਿਬ ਸ੍ਰੀ 'ਗੁਰੂ ਨਾਨਕ ਦੇਵ' ਜੀ ਨੂੰ ਧਿਆਉਂਦੇ ਹਾਂ। ਫੇਰ ਆਪਣੇ ਗੁਰਦੇਵ ਦੀਆਂ ਨੌਂ ਪਾਤਸ਼ਾਹੀਆਂ ਤੱਕ, ਸਭ ਨੂੰ ਇਕ ਜੋਤ ਜਾਣਦੇ ਹੋਏ, ਉਨ੍ਹਾਂ ਦਾ ਸੰਸਾਰਕ ਨਾਮ ਲੈਂਦੇ ਹੋਏ ਸਾਹਿਬ ਸ੍ਰੀ ਗੁਰੂ "ਤੇਗ ਬਹਾਦਰ ਸਿਮਰੀਐ ਘਰ ਨਉ ਨਿਧਿ ਆਵੈ ਧਾਇ ਸਭ ਥਾਈ ਹੋਇ ਸਹਾਇ॥" ਤਕ ਉਚਾਰਦੇ ਹਾਂ ਤੇ ਸਿਮਰਦੇ ਹਾਂ। ਇਥੋਂ ਤਕ ਦੇ ਅਖਰ ਉਹ ਹਨ ਜਿਨ੍ਹਾਂ ਦੁਆਰਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 'ਭਗਉਤੀ ਦੀ ਵਾਰ' ਦੀ ਪਹਿਲੀ ਪਉੜੀ ਵਿਚ, ਆਪਣੇ ਤੋਂ

ਪਹਿਲੋਂ ਹੋ ਚੁਕੀਆਂ ਨੌਂ ਪਾਤਸ਼ਾਹੀਆਂ ਨੂੰ ਧਿਆਇਆ ਹੈ। ਇਸ ਦਰਬਾਰ ਦਾ ਅਗਲਾ ਵੇਰਵਾ ਗੁਰਬਾਣੀ ਦੇ ਅਖਰਾਂ ਰਾਹੀ ਨਹੀ ਹੈ। ਅਗਲਾ ਉਚਾਰਨ ਪੰਥ ਦੀ ਆਪਣੀ ਰਚੀ ਹੋਈ ਬਾਣੀ ਦਾ ਹੈ। ਅਰਦਾਸ ਕਰਨ ਵਾਲੇ ਮੁਖੀ ਪੰਥਕ ਬੋਲੀ ਵਿਚ 'ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ' ਨੂੰ ਯਾਦ ਕਰਾਉਂਦੇ ਹੋਏ ਉਨ੍ਹਾਂ ਨੂੰ 'ਸਭ ਥਾਈਂ ਸਹਾਇ' ਹੋਣ ਦੀ ਅਪੀਲ ਕਰਦੇ ਹਨ। ਜਿਸ ਦਰਬਾਰ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਨਮੁਖ ਅਥਵਾ ਸੁਰਤ ਰਾਹੀ ਅਰਦਾਸ ਹੋ ਰਹੀ ਹੁੰਦੀ ਹੈ, ਉਸ ਬਾਰੇ ਅਰਦਾਸੀਏ 'ਚੌਰ ਤਖਤ ਦੇ ਮਾਲਕ', 'ਦਸਾਂ ਪਾਤਸ਼ਾਹੀਆਂ ਦੀ ਆਤਮਕ ਜੋਤ', ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ, ਦਰਸ਼ਨ, ਦੀਦਾਰ ਵਲ ਸੰਗਤਾਂ ਦਾ ਧਿਆਨ ਦਵਾਉਂਦੇ ਹੋਏ, ਖਾਲਸਾ ਜੀ ਨੂੰ ਆਖਦੇ ਹਨ ਕਿ 'ਬੋਲੋ ਜੀ ਵਾਹਿਗੁਰੂ'। ਪ੍ਰਥਮ ਭਗਉਤੀ ਤੋਂ ਲੈ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦਰਸ਼ਨ ਦੀਦਾਰਿਆਂ ਤਕ ਸਾਡੇ ਸਤਿਗੁਰਾਂ ਦਾ 'ਅਤਿ ਊਚਾ ਤਾਕਾ ਦਰਬਾਰਾ' ਹੈ ਜਿਸ ਅਗੇ ਸੰਗਤ ਅਰਦਾਸ ਕਰ ਰਹੀ ਹੁੰਦੀ ਹੈ।

ਫੇਰ ਸਤਿਗੁਰੂ ਦੇ ਦਰਬਾਰ ਵਿਚ ਚਾਰ ਸਾਹਿਬਜ਼ਾਦਿਆਂ, ਪੰਜਾਂ ਪਿਆਰਿਆਂ, ਚਾਲੀ ਮੁਕਤਿਆਂ ਨੂੰ ਯਾਦ ਕਰੀਦਾ ਹੈ। ਉਪਰੰਤ ਹੋਰ ਗੁਰੂ ਘਰ ਦੇ ਹੋ ਚੁੱਕੇ ਅਨੇਕਾਂ ਸ਼ਹੀਦਾਂ, ਮੁਰੀਦਾਂ, ਹਠੀਆਂ, ਜਪੀਆਂ, ਤਪੀਆਂ, ਜਿਨ੍ਹਾਂ ਦੇਗ ਚਲਾਈ ਹੈ ਤੇ ਤੇਗਾਂ ਵਾਹੀਆਂ ਹਨ; ਅਨੇਕਾਂ ਅਕਹਿ ਅਸਹਿ ਕਸ਼ਟ ਸਹਾਰੇ ਹਨ; ਤਨ ਆਰਿਆਂ ਨਾਲ ਚਿਰਵਾਇਆ ਹੈ; ਚਰਖੜੀਆਂ ਤੇ ਚੜ੍ਹੇ ਹਨ; ਗੁਰਦੁਆਰਿਆਂ ਦੀ ਸੇਵਾ ਕੀਤੀ ਹੈ; ਅਤੇ ਗੁਰੂ ਘਰ ਦਾ ਸਿਦਕ ਅੰਤਮ ਸਵਾਸਾਂ ਤਕ ਕੇਸਾਂ ਸਹਿਤ ਨਿਭਾਇਆ ਹੈ, ਆਦਿਕ ਸਭ ਸ਼ਹੀਦ ਹੋ ਚੁਕੇ ਗੁਰੂ ਘਰ ਦੇ ਪਰਵਾਨਿਆਂ ਨੂੰ ਯਾਦ ਕਰਕੇ ਉਨ੍ਹਾਂ ਦੀ ਹਾਜ਼ਰੀ ਭੀ ਗੁਰੂ ਦਰਬਾਰ ਵਿਚ ਲਗਵਾਈ ਦੀ ਹੈ। ਸੂਖਮ ਬਿਰਤੀ ਨਾਲ ਦੇਖਿਆ ਜਾਵੇ ਤਾਂ ਇਹ ਸਭ ਗੁਪਤ ਤੇ ਪਰਗਟ ਸ਼ਹੀਦ ਭੀ ਗੁਰੂ ਦੇ ਅਧੀਨ ਹੋ, ਸਤਿਗੁਰੂ ਦੇ ਦਰਬਾਰ ਦੇ ਅੰਗ ਹੀ ਹੋ ਦਿਸਦੇ ਹਨ ਜਿਸ ਅਗੇ ਕਿ ਸੰਗਤ ਅਰਦਾਸ ਕਰ ਰਹੀ ਹੁੰਦੀ ਹੈ। ਇਨ੍ਹਾਂ ਦੀ ਸੂਚੀ ਬਹੁਤ ਲੰਮੀ ਹੋਣ ਕਾਰਨ ਅਰਦਾਸੀਏ ਇਸ ਨੂੰ ਆਮ ਤੌਰ ਤੇ ਦੋ ਪਰਕਰਨਾਂ ਵਿਚ ਵੰਡ ਲੈਂਦੇ ਹਨ ਅਤੇ ਇਨ੍ਹਾਂ ਦੀ ਯਾਦ ਕਰਾਉਂਦੇ ਹੋਏ ਸੰਗਤ ਨੂੰ ਆਦੇਸ਼ ਦੇਂਦੇ ਹਨ ਕਿ 'ਇਨ੍ਹਾਂ ਦੀ ਕਮਾਈ ਦਾ ਧਿਆਨ ਧਰ ਕੇ ਖਾਲਸਾ ਜੀ 'ਬੋਲੋ ਜੀ ਵਾਹਿਗੁਰੂ'।

ਅਰਦਾਸ ਦਾ ਅਗਲਾ ਭਾਗ ਬੇਨਤੀਆਂ ਵਾਲਾ ਹੁੰਦਾ ਹੈ। ਪਰ ਇਸ ਤੋਂ ਪਹਿਲਾਂ ਸੰਗਤ ਸਰਬ ਗੁਰਦਵਾਰਿਆਂ ਅਤੇ ਗੁਰੂ ਤਖਤਾਂ ਵਲ ਧਿਆਨ ਵੀ ਕਰਦੀ ਹੈ। ਸੁਰਤ ਵਿਚ ਇਨ੍ਹਾਂ ਅਸਥਾਨਾਂ ਦੀ ਧੂੜੀ ਵੀ ਮਸਤਕ ਤੇ ਲਗਾ ਲਈਦੀ ਹੈ ਅਤੇ ਅਰਦਾਸੀਏ ਵਲੋਂ ਆਦੇਸ਼ ਆਉਂਦਾ ਹੈ ਕਿ "ਇਨ੍ਹਾਂ ਗੁਰਧਾਮਾਂ, ਗੁਰ ਤਖਤਾਂ ਦਾ ਧਿਆਨ ਧਰ ਕੇ ਖਾਲਸਾ ਜੀ ਬੋਲੋ ਜੀ ਵਾਹਿਗੁਰੂ।"

ਉਪਰੋਕਤ ਸਜੇ ਦਰਬਾਰ ਅਗੇ, ਹੁਣ ਅਰਦਾਸ ਦਾ ਦੂਸਰਾ ਭਾਗ, ਜਿਸ ਵਿਚ ਪੰਥ ਹਿਤ ਮੰਗਾਂ ਮੰਗੀ ਦੀਆਂ ਹਨ, ਆਰੰਭ ਹੁੰਦਾ ਹੈ। ਪ੍ਰਥਮੇ (ਸਭ ਤੋਂ ਪਹਿਲਾਂ) ਸਭਹੂੰ ਖਾਲਸਾ ਜੀ ਕੀ ਅਰਦਾਸ ਹੁੰਦੀ ਹੈ ਕਿ ਸਭਹੂੰ ਖਾਲਸੇ ਕੋ ਨਾਮ ਚਿਤ ਆਵੈ। ਸਭ ਥਾਈਂ ਖਾਲਸੇ ਲਈ ਸਹਾਇਤਾ, ਰਖਿਆ ਅਤੇ ਰਿਆਇਤ ਭੀ ਮੰਗ ਲਈਦੀ ਹੈ। ਪੰਥ ਦੀ ਜੀਤ ਲਈ ਬੇਨਤੀ ਅਤੇ ਸ੍ਰੀ ਸਾਹਿਬ ਦੀ ਸਹਾਇਤਾ ਆਦਿ ਸਾਡੀਆਂ ਮੰਗਾਂ ਦੀ ਸੂਚੀ ਵਿਚ ਹਨ। ਸਾਰੀ ਸਿਖ ਸੰਗਤ ਲਈ ਸਿਖੀ ਦਾਨ, ਭਰੋਸਾ ਦਾਨ, ਬਿਬੇਕ ਬੁਧੀ (ਸ਼ੁਭ ਵਿਚਾਰਾਂ) ਦਾ ਦਾਨ, ਦਾਨਾ ਸਿਰ ਦਾਨ ਨਾਮ ਦਾਨ ਅਤੇ ਹੋਰ ਅਨੇਕਾਂ ਮੰਗਾਂ ਪੰਥ ਵਾਸਤੇ ਸੰਖੇਪ ਕਰਕੇ ਮੰਗੀ ਦੀਆਂ ਹਨ। ਇਨ੍ਹਾਂ ਦੀ ਲਿਸਟ ਭੀ ਲੰਬੀ ਹੁੰਦੀ ਹੈ ਜਿਸ ਕਾਰਨ ਇਨ੍ਹਾਂ ਨੂੰ ਭੀ ਦੋ ਤਿੰਨ ਪਰਕਰਨਾ ਵਿਚ ਵੰਡ ਕੇ ਉਚਾਰਿਆ ਜਾਂਦਾ ਹੈ। ਸੰਗਤ ਨੂੰ ਸੰਘਠਤ ਰਖਣ ਹਿਤ ਅਰਦਾਸੀਏ ਜੀ ਵਲੋਂ ਆਦੇਸ਼ ਆਉਂਦੇ ਹਨ ਕਿ "ਖਾਲਸਾ ਜੀ ਕੇ ਬੋਲ ਬਾਲੇ (ਬੋਲ ਉਚੇ ਤੇ ਸੁਚੇ ਹੋਵਨ), ਬੋਲੋ ਜੀ ਵਾਹਿਗੁਰੂ।" ਇਤਿਆਦਿਕ।

ਜੇ ਕਿਸੇ ਗੁਰਮੁਖ ਨੇ ਆਪਣੀ ਸੰਸਾਰਕ ਜਾਂ ਘਰੇਲੂ ਮੰਗ ਸੰਗਤ ਪਾਸੋਂ ਕਰਵਾਉਂਣੀ ਹੋਵੇ ਤਾਂ ਉਹ ਤੀਸਰੇ ਭਾਗ ਵਿਚ, ਸਤਿਗੁਰਾਂ ਦੇ ਦਰਬਾਰ ਵਿਚ ਪੇਸ਼ ਹੋ ਜਾਂਦੀ ਹੈ। ਸੰਗਤ ਭੀ ਇਸ ਵਿਚ ਧਿਆਨ ਨਾਲ ਸ਼ਾਮਲ ਹੁੰਦੀ ਹੈ/ ਹੋਣੀ ਚਾਹੀਦੀ ਹੈ। ਸੰਗਤ ਨੂੰ "ਸਤਿ ਸ੍ਰੀ ਅਕਾਲ ਪੁਰਖ ਦਾ ਧਿਆਨ" ਧਰਾਉਂਦੇ ਹੋਏ ਅਰਦਾਸ ਦੇ ਮੁਖੀ, ਸੰਗਤਾਂ ਨੂੰ 'ਵਾਹਿਗੁਰੂ' ਸ਼ਬਦ ਉਚਾਰਨ ਦਾ ਆਦੇਸ਼ ਦੇਂਦੇ ਹਨ।

ਸਾਡੇ ਵਿਰਸੇ ਵਿਚ ਅਰਦਾਸ ਦੀ ਸਮਾਪਤੀ ਤੇ ਨਾਨਕ ਨਾਮ ਦੀ ਮੰਗ ਹੈ, ਚੜ੍ਹਦੀ ਕਲਾ ਲਈ ਬੇਨਤੀ ਹੈ ਅਤੇ ਤੇਰੇ ਭਾਣੇ ਅੰਦਰ 'ਸਰਬਤ ਦੇ ਭਲੇ' ਲਈ ਅਰਜ਼ੋਈ ਹੈ। ਗੁਰਦੇਵ ਦੇ ਸਮੁਚੇ ਦਰ, ਜੋ 'ਅਤਿ ਊਚਾ ਤਾਕਾ ਦਰਬਾਰਾ' ਹੈ, ਨੂੰ ਸੁਰਤ ਵਿਚ ਪੱਕਾ ਕਰਕੇ ਸੰਗਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਮੱਥਾ ਟੇਕਦੀ ਹੈ। ਫੇਰ ਖੜ੍ਹੇ ਹੋਕੇ, ਹਥ ਜੋੜ ਕੇ "ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ " ਦੀ ਸਾਂਝ ਕਰਦੀ ਹੈ।

-੪-

ਹੁਣ ਟੁਟ ਰਹੇ ਵਿਰਸੇ ਦੀ ਗੱਲ ਭੀ ਸਾਂਝੀ ਕਰਦੇ ਹਾਂ। ਅਜ ਕੱਲ ਦੇਖਣ ਵਿਚ ਆ ਰਿਹਾ ਹੈ ਕਿ ਕੁਝ ਅਰਦਾਸੀਏ "ਬੋਲੋ ਜੀ ਵਾਹਿਗੁਰੂ" ਦਾ ਪੂਰਾ ਆਦੇਸ਼ ਹੀ ਨਹੀਂ ਦੇਂਦੇ। ਕੇਵਲ ਇਤਨਾ ਕਹਿ ਕੇ ਕਿ " .... ਦਾ ਧਿਆਨ ਧਰ ਕੇ ਖਾਲਸਾ ਜੀ ਬੋਲੋ ਜੀ ! " ਅਗੋਂ ਚੁਪ ਕਰ ਜਾਂਦੇ ਹਨ। ਕੀਹ ਬੋਲੋ ਜੀ? ਇਹ ਆਖਦੇ ਹੀ ਨਹੀ। ਸੰਗਤ ਆਪਣੀ ਪਹਿਲੋਂ ਦੀ ਬਣੀ ਜਾਣਕਾਰੀ ਦੇ ਸੁਭਾਅ ਅਨੁਸਾਰ "ਵਾਹਿਗੁਰ" ਸ਼ਬਦ ਆਪੇ ਹੀ ਉਚਾਰਨ ਕਰ ਲੈਂਦੀ ਹੈ। ਕੁਝ ਅਰਦਾਸੀਏ ਜੇ 'ਵਾਹਿਗੁਰੂ' ਦੇ ਉਚਾਰਨ ਦਾ ਪੂਰਾ ਸੰਕੇਤ ਦੇਣ ਭੀ ਤਾਂ "ਬੋਲੋ ਜੀ" ਅਤੇ "ਵਾਹਿਗੁਰੂ" ਸ਼ਬਦ ਦੇ ਵਿਚਕਾਰ ਐਨੀ ਲੰਬੀ ਹੇਕ ਲਗਾਉਂਦੇ ਹਨ ਕਿ ਸੰਗਤ ਉਨ੍ਹਾਂ ਦੇ ਸੰਕੇਤ ਉਚਾਰਨ ਤੋਂ ਪਹਿਲਾਂ ਹੀ "ਵਾਹਿਗੁਰੂ" ਉਚਾਰ ਲੈਂਦੀ ਹੈ। ਇੰਜ ਦੇ ਨਵੇਂ ਰਵਾਜ ਅਨੁਸਾਰ ਸਾਡੀ ਪੁਰਾਤਨ ਪਰੰਪਰਾ ਦੀ ਉਲੰਘਣਾ ਹੈ।

-੫-

ਅੰਮ੍ਰਿਤ ਛਕਾਉਣ ਸਮੇਂ, ਅੰਮ੍ਰਿਤ ਅਭਿਲਾਸੀ ਨੂੰ ਪੰਜ ਚੁਲੇ ਅੰਮ੍ਰਿਤ ਪੀਣ ਲਈ ਦਿੱਤੇ ਜਾਂਦੇ ਹਨ, ਪੰਜ ਛਿਟੇ ਉਸ ਦੇ ਨੇਤਰਾਂ ਵਿਚ ਮਾਰੇ ਜਾਂਦੇ ਹਨ ਅਤੇ ਪੰਜ ਵਾਰੀ ਅੰਮ੍ਰਿਤ ਦਾ ਸੰਚਾਰ ਉਸਦੇ ਕੇਸਾਂ ਵਿਚ ਕੀਤਾ ਜਾਂਦਾ ਹੈ। ਹਰ ਇਕ ਕਿਰਿਆ ਦੇ ਨਾਲ ਨਾਲ ਉਸ ਨੂੰ ਪੰਜਾਂ ਪਿਆਰਿਆਂ ਦਾ ਹੁਕਮ ਮਿਲਦਾ ਹੈ ਕਿ 'ਬੋਲ ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਿਹ'। ਇਹ ਹੁਕਮ ਸੁਣ ਕੇ ਅੰਮ੍ਰਿਤ ਛਕਣ ਵਾਲਾ, ਉਨ੍ਹਾਂ ਦੇ ਮਗਰ ਮਗਰ, ਕੁਲ ੧੫ ਵਾਰੀ ਪੂਰਨ 'ਫਤਿਹ' ਗਜਾਉਂਦਾ ਹੈ। ਜੇ ਅੰਮ੍ਰਿਤ ਛਕਣ ਵਾਲਿਆਂ ਦੀ ਗਿਣਤੀ ਬਹੁਤ ਜ਼ਿਆਦਾ ਹੋਵੇ ਤਾਂ ਜਿਸ ਕਮਰੇ ਵਿਚ ਅੰਮ੍ਰਿਤ ਸੰਚਾਰ ਹੋ ਰਿਹਾ ਹੁੰਦਾ ਹੈ, ਉਥੇ 'ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਿਹ' ਦੀਆਂ ਗੂੰਜਾਂ ਉਠਦੀਆਂ ਰਹਿੰਦੀਆਂ ਹਨ। ਅੰਮ੍ਰਿਤ ਛਕਣ ਵਾਲਿਆਂ ਨੂੰ ਪਹਿਲਾਂ ਹੀ ਪਤਾ ਲਗ ਜਾਂਦਾ ਹੈ ਕਿ ਉਨ੍ਹਾਂ ਨੇ 'ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਿਹ' ਕਦੋਂ ਗਜਾਉਣੀ ਹੈ। ਜੇ ਕੋਈ ਅਭਿਲ-ਾਸ਼ੀ 'ਫਤਿਹ' ਗਜਾਉਣ ਦੇ ਦਿਤੇ ਜਾਣ ਵਾਲੇ ਆਦੇਸ਼ ਅਥਵਾ ਹੁਕਮ ਦੇ ਨਾਲ ਨਾਲ ਜਾਂ ਪਹਿਲਾਂ ਹੀ ਫਤਿਹ ਉਚਾਰਨ ਕਰ ਦੇਵੇ ਤਾਂ ਅੰਮ੍ਰਿਤ ਛਕਾਉਣ ਵਾਲੇ ਉਸ ਪ੍ਰਤੀ ਹੋ ਰਹੀ ਕਿਰਿਆ ਤੋਂ ਰੁਕ ਜਾਂਦੇ ਹਨ ਅਤੇ ਅੰਮ੍ਰਿਤ ਅਭਿਲਾਸ਼ੀ ਨੂੰ ਦਸਿਆ ਜਾਂਦਾ ਹੈ ਕਿ ਪਹਿਲੋਂ ਉਹ 'ਫਤਿਹ' ਬੁਲਾਣ ਬਾਰੇ ਹੁਕਮ ਨੂੰ ਸੁਣੇ ਅਤੇ ਫਿਰ ਮੰਨ ਕੇ 'ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਿਹ' ਦਾ ਉਚਾਰਨ ਕਰੇ।

-੬-

ਉਪਰੋਕਤ ਲਿਖੀ ਧਾਰਨਾ ਸਾਡੀ ਅਰਦਾਸ ਕਿਰਿਆ ਵਿਚ ਵੀ ਪ੍ਰਚਲਤ ਸੀ। ਪਹਿਲੋਂ ਅਰਦਾਸੀਏ ਵਲੋਂ ਆਦੇਸ਼ ਆਉਂਦਾ ਸੀ ਕਿ "...... ਦਾ ਧਿਆਨ ਧਰ ਕੇ ਬੋਲੋ ਜੀ ਵਾਹਿਗੁਰੂ" ਅਤੇ ਸੰਗਤ ਇਸਨੂੰ ਸੁਣਕੇ ਮਗਰੋਂ 'ਵਾਹਿਗੁਰੂ' ਸ਼ਬਦ ਉਚਾਰਨ ਕਰਦੀ ਸੀ। ਹੁਣ ਏਸ ਪਰੰਪਰਾ ਵਿਚ ਤ੍ਰੇੜ ਪੈ ਰਹੀ ਹੈ। ਨਾਂ ਤਾਂ ਅਰਦਾਸ ਕਰਨ ਵਾਲੇ ਪੂਰਾ ਆਖਦੇ ਹਨ ਕਿ '.......ਬੋਲੋ ਜੀ ਵਾਹਿਗੁਰੂ' ਅਤੇ ਅਗੋਂ ਸੰਗਤ ਭੀ ਬਗੈਰ ਸੁਣੇ ਹੀ ਉਤਾਵਲੇਪਣ ਵਿਚ 'ਵਾਹਿਗੁਰੂ' ਸ਼ਬਦ ਉਚਾਰਨ ਦੀ ਪਹਿਲ ਜਾਂ ਬਰਾਬਰੀ ਕਰ ਜਾਂਦੀ ਹੈ। ਇਹ ਠੀਕ ਹੈ ਕਿ ਅਰਦਾਸੀਏ ਦਾ ਰੁਤਬਾ ਪੰਜਾਂ ਪਿਆਰਿਆਂ ਵਾਲਾ ਤਾਂ ਨਹੀਂ ਹੁੰਦਾ ਪਰ ਉਸਨੂੰ ਦਿਤੀ ਹੋਈ ਸੇਵਾ ਦਾ ਮੁਖੀ ਹੋਣ ਦੇ ਨਾਤੇ ਇਹ ਸੇਵਾ ਠੀਕ ਢੰਗ ਨਾਲ ਨਿਭਾਉਣ ਦੇਣੀ ਚਾਹੀਦੀ ਹੈ। ਸੰਗਤਾਂ ਨੂੰ ਚਾਹੀਦਾ ਹੈ ਕਿ ਅਰਦਾਸੀਏ ਨੂੰ ਪੂਰਾ ਸਹਿਯੋਗ ਦੇਂਦੇ ਹੋਏ ਉਸਦੇ ਆਦੇਸ਼ ਨੂੰ ਪੂਰਾ ਸੁਣਨ ਤੇ ਫੇਰ ਮੰਨਣ।

ਜੇਕਰ ਆਪਣੀ ਪੁਰਾਤਨ ਪਰੰਪਰਾ ਨੂੰ ਕਾਇਮ ਰਖਣਾ ਉਚਿਤ ਸਮਝੋ ਤਾਂ ਇਸ ਪ੍ਰਤੀ ਦੋ ਬੇਨਤੀਆਂ ਪਰਵਾਨ ਕਰਨੀਆਂ ਜੀ।

**ਪਹਿਲੀ ਬੇਨਤੀ ਅਰਦਾਸੀਆਂ ਪ੍ਰਤੀ ਹੈ ਕਿ '.... ਦਾ ਧਿਆਨ ਧਰ ਕੇ ਬੋਲੋ ਜੀ ਵਾਹਿਗੁਰੂ' ਦਾ ਪੂਰਾ ਉਚਾਰਨ ਕਰਿਆ ਕਰਨ। ਇਹ ਆਦੇਸ਼ ਅਧੂਰਾ, "....ਬੋਲੋ ਜੀ !" ਕਹਿਕੇ ਵਿਚੇ ਨਾ ਛਡ ਦਿਆ ਕਰਨ।** ਇਸ ਪਰੰਪਰਾ ਨੂੰ ਕਾਇਮ ਰਖਣ ਲਈ ਸਭ ਤੋਂ ਵਧ ਜ਼ਿੰਮੇਵਾਰੀ ਅਰਦਾਸ ਉਚਾਰਨ ਕਰਨ ਵਾਲੇ ਮੁਖੀਆਂ ਦੀ ਬਣਦੀ ਹੈ।

**ਦੂਸਰੀ ਬੇਨਤੀ ਅਰਦਾਸ ਵਿਚ ਸ਼ਾਮਲ ਹੋਈ ਸੰਗਤ ਪ੍ਰਤੀ ਹੈ ਕਿ ਉਹ ਅਰਦਾਸ ਕਰ ਰਹੇ ਮੁਖੀ ਦੇ ਆਦੇਸ਼ ਨੂੰ ਪਹਿਲੋਂ ਪੂਰਾ ਸੁਣਕੇ ਹੀ 'ਵਾਹਿਗੁਰੂ' ਉਚਾਰਨ ਕਰੇ। ਸਰੋਤੇ ਉਤਾਵਲੇ ਨਾ ਹੋਣ। ਅਰਦਾਸੀਏ ਦੇ ਮੁਖੀ ਹੋਣ ਦੇ ਰੁਤਬੇ ਦੀ ਕਦਰ ਕਰਨੀ ਅਤੇ ਉਸਨੂੰ ਇਸ ਗੱਲ ਦਾ ਅਹਿਸਾਸ ਦਿਵਾਉਣਾ ਭੀ ਸੰਗਤ ਦਾ ਫਰਜ਼ ਹੈ।** ਅਰਦਾਸੀਏ ਅਤੇ ਸੰਗਤ ਦੀ ਸੁਰਤ ਦਾ ਤਾਲਮੇਲ ਹੋਣਾ ਬਹੁਤ ਜ਼ਰੂਰੀ ਹੈ। ਇੰਝ ਹੋ ਰਹੀ ਪੰਥਕ ਅਰਦਾਸ ਦਾ ਵਾਤਾਵਰਣ ਵਧੇਰੇ ਰਸ ਮਈ ਅਤੇ ਸੁਹਾਵਣਾ ਹੋ ਜਾਂਦਾ ਹੈ। ਕਰਕੇ ਵੇਖ ਲਵੋ। ਕੋਈ ਭੁੱਲ ਚੁਕ ਹੋਵੇ ਤਾਂ ਮੁਆਫ ਕਰ ਦੇਣਾ ਜੀ।

-੭-

ਅਰਦਾਸ ਭਾਵੇਂ ਨਿਜੀ ਹੋਵੇ ਜਾਂ ਸੰਗਤੀ, ਇਸ ਦੀ ਪੂਰਤੀ ਦਾ ਕਿਤਨਾ ਕੁ ਫਲ ਕਿਸੇ ਨੂੰ ਮਿਲਦਾ ਹੈ? ਇਸ ਗਲ ਦਾ ਉਤਰ ਅਰਦਾਸ ਕਰਨ ਵਾਲਿਆਂ ਦੇ ਆਪਣੇ ਸਿਦਕ ਅਤੇ ਗੁਰੂ ਦੀ ਸਮਰਥਾ ਉਪਰ ਨਿਸਚੇ ਤੇ ਭੀ ਨਿਰਭਰ ਹੈ। ਭਰੋਸਾ ਚਾਹੀਦਾ ਹੈ ਕਿ

" ਬਿਰਥੀ ਕਦੇ ਨਾ ਹੋਵਈ ਜਨ ਕੀ ਅਰਦਾਸਿ ॥
ਨਾਨਕ ਜੋਰੁ ਗੋਵਿੰਦ ਕਾ ਪੂਰਨ ਗੁਣਤਾਸਿ ॥"

ਗੋਵਿੰਦ ਦੇ ਜੋਰ ਤੇ ਭਰੋਸਾ ਲੋੜੀਂਦਾ ਹੈ।

# 8) ਕੀਰਤਨ ਵਿਚ ਜੋੜੀ ਦੀ ਵਰਤੋਂ

ਕੀਰਤਨ ਸਮੇਂ ਦੋ-ਢੋਲਕ ਸਾਜ਼ ਜਿਸਨੂੰ ਇੱਕੋ ਵਜੰਤਰੀ ਵਜਾਉਂਦਾ ਹੈ, ਨੂੰ ਤਬਲਾ ਜਾਂ ਜੋੜੀ ਆਖਦੇ ਹਨ। ਛੋਟੇ ਆਕਾਰ ਦੀ, ਕਾਲੀ ਸਿਆਹੀ ਵਾਲੀ ਢੋਲਕ ਨੂੰ 'ਪੁੜਾ' ਤੇ ਦੂਸਰੇ ਨੂੰ 'ਧਾਮਾ' ਜਾਂ 'ਡੁੱਗੀ' ਦਾ ਨਾਮ ਦਿੱਤਾ ਹੋਇਆ ਹੈ। ਕੋਈ ੫੦ ਸਾਲ ਪਹਿਲਾਂ, ਧਾਮੇ ਦੇ ਵਿਚਕਾਰ ਵਾਲੀ ਥਾਂ ਉਪਰ ਗੁੰਨ੍ਹੇ ਹੋਏ ਆਟੇ ਦਾ ਲੇਪ ਕਰਕੇ ਇਸ ਨੂੰ ਵਜਾਇਆ ਜਾਂਦਾ ਸੀ। ਅੱਜ ਕੱਲ੍ਹ ਧਾਮੇ ਦੀ ਥਾਂ, ਇਸ ਤੋਂ ਘਟ ਉੱਚੀ ਪਰ ਚੌੜਾਈ ਵਿਚ ਥੋੜੀ ਵਡੇ ਆਕਾਰ ਦੀ ਢੋਲਕ ਪ੍ਰਚਲਤ ਹੋ ਗਈ ਹੈ। ਇਸ ਉਪਰ ਆਟਾ ਨਹੀ ਲਗਾਉਣਾਂ ਪੈਂਦਾ। ਪੁੜੇ ਵਾਂਗ ਇਸ ਉਪਰ ਵੀ ਕਾਲੀ ਸਿਆਹੀ ਦਾ ਪੱਕਾ ਲੇਪ ਕੀਤਾ ਹੁੰਦਾ ਹੈ। ਇਸ ਢੋਲਕ ਨੂੰ 'ਡੁੱਗੀ' ਆਖਦੇ ਹਨ।

ਪੁਰਾਤਨ ਸਮੇਂ ਵਿਚ (ਕੋਈ ੫੦-੬੦ ਸਾਲ ਪਹਿਲਾਂ), ਜੋੜੀ ਵਿਚ ਪੁੜਾ ਤੇ ਧਾਮਾ ਹੀ ਵਰਤੇ ਜਾਂਦੇ ਸਨ। ਜਦੋਂ ਧਾਮੇ ਉਪਰ ਖੁੱਲਾ ਹੱਥ (ਉਪਰੋਂ ਥੱਲੇ ਲਿਆ ਕੇ) ਮਾਰਿਆ ਜਾਂਦਾ ਹੈ ਤਾਂ ਇਸ ਵਿਚੋਂ ਇਕ ਧਮਕ ਜਾਂ ਗੂੰਜ ਉਠਦੀ ਹੈ ਜੋ ਡੁੱਗੀ ਵਿਚੋਂ ਪੈਦਾ ਨਹੀ ਹੁੰਦੀ। ਤੋੜੇ ਅਤੇ ਥਾਪਾਂ ਆਦਿ ਵਜਾਉਂਣ ਲਈ ਧਾਮੇ ਅਤੇ ਪੁੜੇ, ਦੋਹਾਂ ਨੂੰ ਇਕੱਠਾ ਵਜਾਇਆ ਜਾਂਦਾ ਹੈ। ਧਾਮਾਂ ਤੇ ਤੋੜੇ ਆਦਿ ਕੀਰਤਨ ਦੇ ਹੁਨਰੀ ਰਾਗ-ਰਸ ਨੂੰ ਦਿੱਲ ਖਿਚਵਾਂ ਬਣਾਉਂਦੇ ਹਨ। ਤੋੜਿਆਂ ਆਦਿ ਦੀ ਉਹ ਗੂੰਜ ਡੁੱਗੀ ਵਿਚੋਂ ਨਹੀ ਉਠਦੀ ਜੋ ਕਿ ਧਾਮੇ ਵਿਚੋਂ ਉਠਦੀ ਹੈ। ਅਜ-ਕੱਲ ਕੀਰਤਨੀਏ ਧਾਮੇ ਦੀ ਥਾਂ ਪੁੜੇ ਦੇ ਨਾਲ ਡੁੱਗੀ ਵਜਾਉਣਾ ਪਸੰਦ ਕਰਦੇ ਹਨ- ਸ਼ਾਇਦ ਇਸ ਲਈ ਕਿ ਧਾਮੇ ਉੱਪਰ ਆਟਾ ਮਲਣ ਦੀ ਮੁਥਾਜੀ ਹਟ ਜਾਂਦੀ ਹੈ।

ਡੁੱਗੀ ਦੀ ਵਰਤੋਂ ਕਾਰਨ ਕੀਰਤਨ ਵਿਚ ਤੋੜੇ, ਥਾਪਾ ਤੇ ਧਰੁਪਦਾਂ ਅਤੇ ਹੋਰ ਖੁੱਲੇ ਹਥਾਂ ਨਾਲ ਵਜਣ ਵਾਲੇ ਬੋਲ ਵੀ ਅਲੋਪ ਹੋ ਗਏ ਹਨ। ਕੀਰਤਨ ਵਿਚੋਂ ਰਾਗ ਤੇ ਤਾਲ ਦਾ ਮਿਲਵਾਂ ਰਸ ਅਲੋਪ ਹੋ ਰਿਹਾ ਹੈ ਤੇ ਡੁੱਗੀ ਕਾਰਨ ਸ਼ਿੰਗਾਰ ਰਸ ਜਾਂ ਨਾਟਕੀ ਰਸ ਦਾ ਵਿਖਾਵਾ ਵਧੇਰੇ ਆ ਗਿਆ ਹੈ। ਕੀਰਤਨੀਆਂ ਪ੍ਰਤੀ ਬੇਨਤੀ ਹੈ, ਜੋ ਆਪਣੇ ਵਿਰਸੇ ਵਿਚ ਆਏ ਧਾਮੇ ਦੀ ਵਰਤੋਂ ਨੂੰ ਸੁਰਜੀਤ ਰੱਖਣ, ਤਾਂ ਜੋ ਕੀਰਤਨ ਦੇ ਹੁਨਰੀ ਰਾਗ-ਰਸ (Artful music) ਵਿਚ ਤੋੜੇ, ਥਾਪਾਂ, ਪੜਤਾਲਾਂ, ਸੁਗੰਧਾਂ ਆਦਿ ਦਾ ਵਿਰਸਾ ਜਾਰੀ ਰਵ੍ਹੇ ਅਤੇ ਇਹ ਵਜਦੀਆਂ ਰਹਿਣ।

ਆਸਾ ਦੀ ਵਾਰ ਵਿੱਚ ਸਲੋਕ ਅਤੇ ਪਉੜੀ ਦੀ ਥਾਪ, ਜੋ ਖੁੱਲ੍ਹੇ ਹੱਥਾਂ ਨਾਲ 'ਤਿਟ ਤਾ, ਗੇ ਤਾ ਗੇ। ਤਿਟ ਤਾ, ਗੇ ਤਾ ਗੇ' ਅਤੇ 'ਤਿਟ ਕਿਤਾ ਗਿਧੀ ਗਿਨਾ ਧਾ ਧਾ' ਆਦਿ ਦੇ ਸਬੰਧਤ ਤੋੜੇ ਖਿਆਲਾਂ ਦੇ ਬੋਲ ਸੁਣਨੇ (ਵੱਜਣੇ) ਭੁਲੀ ਜਾ ਰਹੇ ਹਨ। ਕੀਰਤਨੀਏ ਇਸ ਪਰੰਪਰਾ ਨੂੰ ਵਿਚਾਰਨ, ਬਲਕਿ ਇਸ ਨੂੰ ਸੁਰਜੀਤ ਰਖਣ; ਇਹ ਇਕ ਸੁਝਾਅ ਹੈ ਜੀ।

ਮੇਰੇ ਪਿਤਾ ਪ੍ਰੋ: ਕਰਤਾਰ ਸਿੰਘ ਜੀ ਅਤੇ ਭਾਈ ਸਾਹਿਬ ਭਾਈ ਜਵਾਲਾ ਸਿੰਘ ਜੀ ਠਟੇ ਟਿੱਬੇ ਵਾਲੇ ਜੋ ਪੰਥ ਸੁਪ੍ਰਸਿੱਧ ਰਾਗੀ ਹੋਏ ਹਨ, ਦਾ ਸੰਬੰਧ ਪਿਛਲੀ ਸਦੀ ਦੇ ਤੀਜੇ ਦਹਾਕੇ (ਲਗਭਗ ੧੯੩੦) ਤੋਂ ਹੈ। ਭਾਈ ਸਾਹਿਬ ਹਰ ਸਾਲ ਸੰਤ ਬਾਬਾ ਨੰਦ ਸਿੰਘ ਜੀ ਪਾਸ ਕਲੇਰਾਂ ਜਾਂਦੇ ਹੋਏ ਸਾਡੇ ਗ੍ਰਹਿ ਲੁਧਿਆਣੇ ਵਿਚ ਕੁਝ ਦਿਨ ਅੰਮ੍ਰਿਤ ਵੇਲੇ ਦਾ ਕੀਰਤਨ ਕਰਿਆ ਕਰਦੇ ਸਨ। ਉਦੋਂ ਉਹਨਾਂ ਦੇ ਦੋ ਹੋਨਹਾਰ ਸ਼ਹਿਜਾਦੇ, ਵਡੇ ਭਾਈ ਗੁਰਚਰਨ ਸਿੰਘ ਜੀ ਅਤੇ ਛੋਟੇ ਭਾਈ ਅਵਤਾਰ ਸਿੰਘ ਜੀ, ਜੋ ਉਸ ਸਮੇਂ ਬਚਪਨ ਦੀ ਅਵਸਥਾ ਵਿਚ ਸਨ, ਆਪਣੇ ਪਿਤਾ ਜੀ ਨਾਲ ਸ਼ਬਦ ਕੀਰਤਨ ਤੇ ਬੈਠਦੇ ਸਨ। ਭਾਈ ਅਵਤਾਰ ਸਿੰਘ ਜੀ ਤਾਊਸ ਵਜਾਇਆ

ਕਰਦੇ ਸਨ। (ਤਾਊਸ ਗਜ਼ ਨਾਲ ਵਜਾਉਣ ਵਾਲਾ ਇੱਕ ਤੰਤੀ ਸਾਜ਼ ਹੈ ਜਿਸ ਦੀ ਆਵਾਜ਼ ਮੋਰ ਨਾਲ ਮਿਲਦੀ ਹੈ। ਫਾਰਸੀ ਵਿਚ ਮੋਰ ਨੂੰ 'ਤਾਊਸ' ਆਖਦੇ ਹਨ ਅਤੇ ਇੱਥੋਂ ਹੀ ਇਸ ਸਾਜ਼ ਦਾ ਨਾਮ ਵੀ ਪਿਆ ਹੈ।) ਭਾਈ ਅਵਤਾਰ ਸਿੰਘ ਜੀ ਪਾਸ ਲਕੜੀ ਦੀ ਬਣੀ ਹੋਈ ਇੱਕ ਠੁਮਣੀ ਜਿਹੀ ਹੁੰਦੀ ਸੀ। ਇਸ ਦੀ ਸ਼ਕਲ ਮੋਰ ਦੇ ਸਿਰ ਵਰਗੀ ਹੁੰਦੀ ਸੀ। ਤਾਊਸ ਵਜਾਉਣ ਵੇਲੇ ਉਹ ਇਸ ਮੋਰ ਦੀ ਠੁਮਣੀ ਨੂੰ ਆਪਣੇ ਤਾਊਸ ਦੇ ਤੂੰਬੇ ਤੇ ਫਿਟ ਕਰਕੇ ਤਾਊਸ ਨੂੰ ਵਜਾਉਂਦੇ ਬੜੇ ਖੇੜੇ ਵਿਚ ਹੁੰਦੇ ਸਨ। ਹੁਣ ਭਾਈ ਅਵਤਾਰ ਸਿੰਘ ਜੀ (ਦਿੱਲੀ ਵਾਲੇ) ਪੰਥ ਦੇ ਸੁਪ੍ਰਸਿੱਧ ਰਾਗੀ ਹਨ। ਪੰਜਾਬੀ ਯੂਨੀਵਰਸਿਟੀ ਪਟਿਆਲੇ ਨੇ ਇਨ੍ਹਾਂ ਦੀਆਂ ਪੁਰਾਤਨ ਅਮੋਲਕ ਰੀਤਾਂ ਦੀਆਂ ਕੈਸਟਾਂ ਅਤੇ ਪੁਸਤਕਾਂ ਵੀ ਬਣਾਈਆਂ ਹਨ, ਤਾਂ ਜੋ ਇਹ ਰੀਤਾਂ ਸਮੇਂ ਦੀ ਰਫਤਾਰ ਨਾਲ ਅਲੋਪ ਨਾ ਹੋ ਜਾਣ।

ਪਿਛਲੇ ਸਾਲ ਮੇਰੇ ਵਡੇ ਭਰਾ, ਸ੍ਰ: ਜਗਤੇਸ਼ਵਰ ਸਿੰਘ ਜੀ ਨੇ ਭਾਈ ਅਵਤਾਰ ਸਿੰਘ ਜੀ ਪਾਸੋਂ ਸ਼ਬਦ ਕੀਰਤਨ ਵਿਚ 'ਧਾਮੇ' ਦੀ ਵਰਤੋਂ (ਜਿਸ ਨੂੰ ਅੱਜ ਦੇ ਕੀਰਤਨੀਏ ਤਿਲਾਂਜਲੀ ਦੇ ਚੁੱਕੇ ਹਨ।) ਬਾਰੇ ਪੁਛ ਭੇਜਿਆ। ਭਾਈ ਸਾਹਿਬ ਜੀ ਦਾ ਇਸ ਬਾਰੇ ਜੋ ਵਿਚਾਰ ਪੁੱਜਾ ਉਸ ਦੀ ਕਾਪੀ ਹੇਠਾਂ ਦਿੱਤੀ ਜਾ ਰਹੀ ਹੈ:-

"

ੴ

*ਪਰਮ ਸਤਿਕਾਰਯੋਗ ਪਿਆਰੇ ਵੀਰ ਜਗਤੇਸ਼ਵਰ ਸਿੰਘ ਜੀ*

*ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ।*

*ਬੇਨਤੀ ਹੈ ਆਪ ਜੀ ਦਾ ੨੧-੪-੨੦੦੧ ਦਾ ਲਿਖਿਆ ਕਾਰਡ ਮਿਲਿਆ ਪੁਰਾਣੀਆਂ ਯਾਦਾਂ ਤਾਜ਼ਾ ਹੋ ਗਈਆਂ, ਚਿੱਠੀ ਲਿਖਣ ਨੂੰ ਦੇਰੀ ਹੋਈ ਹੈ ਖਿਮਾਂ ਦਾ ਜਾਚਕ ਹਾਂ। ਆਪ ਜੀ ਨੇ ਜੋ ਆਟੇ ਵਾਲੇ ਧਾਮੇ ਬਾਰੇ ਪੁਛਿਆ ਹੈ ਠੀਕ ਹੈ, ਜੱਵਦੀ ਕਲਾਂ ਸੰਤ ਬਾਬਾ ਸੁੱਚਾ ਸਿੰਘ ਜੀ ਦੇ ਕੀਰਤਨ ਦਰਬਾਰਾਂ ਵਿਚ ਧਾਮਾ ਹੀ ਵਜਦਾ ਰਿਹਾ ਹੈ, ਅੱਜ ਰਾਤ ਦੀ ਫਲਾਈਟ USA ਜਾ ਰਹੇ ਹਾਂ। ਆਟੇ ਵਾਲੇ ਧਾਮਾਂ ਹੀ ਨਾਲ ਲੈ ਜਾ ਰਹੇ ਹਾਂ, ਖਾਸ ਕਰ ਪੜਤਾਲਾਂ ਧਰੁਪਦਾਂ ਨਾਲ ਧਾਮੇ ਨਾਲ ਹੀ ਖੁੱਲੇ ਬੋਲ ਫਬਦੇ ਹਨ, ਸ੍ਰੀ ਹਰਿਮੰਦਰ ਸਾਹਿਬ ਜੀ ਅੰਮ੍ਰਿਤਸਰ ਵਿਚ ਰੇਡੀਉ ਵਾਲੇ ਤੇ TV ਵਾਲੇ ਇਤਰਾਜ਼ ਕਰਦੇ ਹਨ, ਖੁੱਲੇ ਬੋਲ ਵਜਾਉਣ ਨਹੀਂ ਦਿੰਦੇ। ਤੁਸਾਂ ਬਹੁਤ ਕਿਰਪਾ ਕੀਤੀ ਜੋ ਚਿੱਠੀ ਰਾਹੀਂ ਪੁਰਾਣੀ ਯਾਦ ਤਾਜ਼ਾ ਕਰਵਾਈ, ਬਹੁਤ ਬਹੁਤ ਧੰਨਵਾਦ। ਵੱਡੇ ਭਾਈ ਸਾਹਿਬ, ਭਾਈ ਗੁਰਚਰਨ ਸਿੰਘ ਜੀ ਜੂਨ ਵਿਚ ਕੈਨੇਡਾ ਜਾ ਰਹੇ ਹਨ, ਗੁਰੂ ਕਿਰਪਾ ਨਾਲ ਸਭ ਰਾਜੀ ਖੁਸ਼ੀ ਹਨ, USA ਤੋਂ ਵਾਪਸ ਆਣ ਕੇ ਆਪ ਜੀ ਦੇ ਦਰਸ਼ਨ ਕਰਾਂਗੇ।*

*ਸਭ ਪਰਵਾਰ ਨੂੰ ਸਨਿਮਰ ਗੁਰੂ ਫਤਹਿ।*

*ਗੁਰੂ ਪੰਥ ਦਾ ਦਾਸ*

*ਅਵਤਾਰ ਸਿੰਘ ਰਾਗੀ, ਦਿੱਲੀ-੨੧/੫/੨੦੦੧* "

ਇਹਨਾਂ ਵਿਚਾਰਾਂ ਦੇ ਅਧੀਨ ਕੀਰਤਨੀਆਂ ਅਥਵਾ ਸਭ ਰਾਗੀ ਸਿੰਘਾਂ ਨੂੰ ਸੁਝਾਅ ਹੈ ਕਿ ਸਮੇਂ ਦੀ ਮੰਗ ਅਨੁਸਾਰ, ਭਾਵੇਂ ਤਬਲੇ ਵਿਚ ਜੁਗ ਜੁਗ ਡੁਗੀਆਂ ਵਜਾਵੋ ਪਰ ਬਜ਼ੁਰਗ ਬਾਬੇ ਧਾਮੇ ਨੂੰ ਤਲਾਕ ਦੇ ਕੇ ਘਰੋਂ ਹੀ ਨਾ ਕੱਢ ਦੇਵੋ। ਇਸ ਧਾਮੇ ਨੇ ਸਾਡੀ ਬਹੁਤ ਸੇਵਾ ਕੀਤੀ ਹੈ ਤੇ ਰੰਗ ਲਾਏ ਹਨ। ਜੇ ਇਸ ਦੇ ਬੋਲਾਂ ਤੋਂ ਅਸੀ ਅਨਜਾਣ ਹੋ ਚੁੱਕੇ ਹਾਂ ਤਾਂ ਇਸ ਦਾ ਹੁਨਰ ਭੀ ਸਿੱਖੀਏ। ਇਸ ਦੀ ਮਾਨਤਾ ਕਾਇਮ ਰੱਖੀਏ। ***ਹੁਣ ਭੀ ਕੀਰਤਨ ਵਿਚ ਪੁਰਾਤਨ ਗੂੰਜਾਂ ਤੇ ਰਸ ਬਾਬਾ ਧਾਮਾ ਸਾਨੂੰ ਦਿਖਾ ਕੇ ਗੁਰੂ ਘਰ ਦੀ ਸੰਗਤਾਂ ਦੀ ਖੁਸ਼ੀ ਪ੍ਰਾਪਤ ਕਰੇਗਾ ਜੀ। ਇਸ ਨੂੰ ਅਜ਼ਮਾ ਕੇ ਵੇਖੀਏ!***

## ***ਜੋੜੀ ਬਾਰੇ ਇੱਕ ਹੋਰ ਵਿਚਾਰ:***

ਜਦੋਂ ਤੋਂ ਮਾਈਕਰੋਫੋਨ ਦੀ ਵਰਤੋਂ ਵਧੀ ਹੈ ਅਕਸਰ ਕੀਰਤਨੀ ਜੱਥੇ ਮਾਈਕ ਤੋਂ ਬਗੈਰ ਕੀਰਤਨ ਕਰਨਾ ਪਸੰਦ ਨਹੀ ਕਰਦੇ। ਇਨ੍ਹਾਂ ਵਾਸਤੇ ਇਸ ਗੱਲ ਦਾ ਕੋਈ ਵਿਚਾਰ ਨਹੀ ਹੁੰਦਾ ਕਿ ਦੀਵਾਨ ਵਿੱਚ ਕੇਵਲ ਕੁਝ ਗਿਣਤੀ ਦੇ ਸਰੋਤੇ ਬੈਠੇ ਹਨ ਜਾਂ ਸੰਗਤਾਂ ਨਾਲ ਪੰਡਾਲ ਜਾਂ ਹਾਲ ਕਮਰਾ ਭਰਿਆ ਹੋਇਆ ਹੈ ਜਾਂ ਖਾਲੀ ਹੀ ਹੈ। ਮਾਈਕ ਹਰ ਹਾਲਤ ਹੋਣਾ ਜ਼ਰੂਰੀ ਬਣਾ ਲਿਆ ਹੈ।

ਕੀਰਤਨੀ ਜਥਿਆਂ ਨੇ ਸ਼ੁਰੂ ਵਿਚ ਜਦੋਂ ਮਾਈਕ ਦਾ ਰਿਵਾਜ਼ ਅਪਣਾਇਆ ਸੀ ਤਾਂ ਇੱਕੋ ਮਾਈਕ ਜੋ ਮੁੱਖ ਕੀਰਤਨੀਏ ਦੇ ਅੱਗੇ ਰਖਿਆ ਹੁੰਦਾ ਸੀ, ਕਾਫੀ ਸੀ। ਫੇਰ ਦੋ ਮਾਈਕਾਂ ਦੀ ਵਰਤੋਂ ਸ਼ੁਰੂ ਹੋਈ ਤੇ ਦੋਨੋਂ ਕੀਰਤਨੀਏ, ਜੋ ਹਾਰਮੋਨੀਅਮ ਵਜਾਉਂਦੇ ਹਨ, ਦੇ ਸਾਹਮਣੇ ਰੱਖਣਾ ਸ਼ੁਰੂ ਹੋਇਆ। ਇਹਨਾਂ ਕੀਰਤਨੀਆਂ ਨੇ ਇਕ ਚੰਗੀ ਸਾਵਧਾਨੀ ਵਰਤੀ ਤੇ ਹੁਣ ਵੀ ਵਰਤਦੇ ਹਨ ਕਿ ਮਾਈਕ ਦੀ ਪੋਜ਼ੀਸ਼ਨ ਹਾਰਮੋਨੀਅਮ ਨਾਲੋਂ ਮੂੰਹ ਦੇ ਵਧੇਰੇ ਨੇੜੇ ਰੱਖਿਆ ਤਾਂ ਜੋ ਬੋਲੇ ਜਾ ਰਹੇ ਸ਼ਬਦ ਦੇ ਅੱਖਰ ਵਾਜੇ ਦੀ ਆਵਾਜ਼ ਵਿਚ ਹੀ ਨਾ ਗਵਾਚ ਜਾਣ। ਸ਼ਬਦ ਠੀਕ ਸੁਣੇ ਇਸ ਦੇ ਨਾਲ ਇਕ ਹੋਰ ਰਿਵਾਜ਼ ਪ੍ਰਚੱਲਤ ਹੋਇਆ। ਤਬਲੇ ਵਾਲੇ ਉਤਾਵਲੇ ਹੋਏ। ਉਨ੍ਹਾਂ ਨੇ ਤਬਲੇ ਦੇ ਅੱਗੇ ਇਕ ਦੀ ਥਾਂ ਦੋ ਮਾਈਕਾਂ ਰੱਖ ਲਈਆਂ, ਇਕ ਪੁੜੇ ਅਗੇ ਤੇ ਦੂਸਰੀ ਉਸ ਦੀ ਡੁੱਗੀ ਅੱਗੇ। ਤਬਲੇ ਵਜਾਉਣ ਵਾਲੇ ਸਾਥੀ ਆਮ ਤੌਰ ਤੇ ਸ਼ਬਦ ਗਾਇਨ ਵਿੱਚ ਘੱਟ ਹਿਸਾ ਲੈਂਦੇ ਹਨ ਜਾਂ ਸਾਜ਼ ਦੇ ਬੰਧਨਾਂ ਕਰਕੇ ਘੱਟ ਹਿਸਾ ਲੈ ਸਕਦੇ ਹਨ ਪਰ ਉਨ੍ਹਾਂ ਨੂੰ ਆਪਣੀ ਜੋੜੀ ਦਾ ਹੁਨਰ ਦਿਖਾਉਂਣ ਦਾ ਸੱਚਾ ਚਾਅ ਵੀ ਹੁੰਦਾ ਹੈ, ਜੋ ਮੁਬਾਰਕ ਵੀ ਹੈ। ਧਿਆਨ ਇਹ ਰੱਖਣਾ ਚਾਹੀਦਾ ਹੈ ਕਿ ਮਾਈਕ ਜੋੜੀ ਨਾਲ ਹੀ ਜੋੜੀ ਰੱਖਣਾ ਬਹੁਤ ਠੀਕ ਨਹੀ ਹੈ ਕਿਉਂਕਿ ਇਸ ਨਾਲ ਜੋੜੀ ਦੀ ਟੁਨ ਟੁਨ ਦੀ ਠਣਕਾਰ ਅਤੇ ਥਾਪ ਵਧੇਰੇ ਉਚੀ ਹੋ ਜਾਂਦੀ ਹੈ। ਗਾਏ ਜਾ ਰਹੇ ਸ਼ਬਦ ਦੀ ਆਵਾਜ਼ ਦਾ ਪ੍ਰਭਾਵ ਧੀਮਾ ਪੈ ਜਾਂਦਾ ਹੈ ਤੇ ਸਮੁੱਚੇ ਕੀਰਤਨ ਵਿਚ 'ਤਿਨ ਤਿਨਾ ਤਿਨ ਤਿਨ' ਤੇ 'ਧਿਨ ਤਿਨਾ ਤਿਨ ਧਿਨ' ਬਹੁਤ ਖੜਕਦਾ ਹੈ ਅਤੇ ਕੀਰਤਨ ਵਿਚੋਂ ਸ਼ਬਦ ਦਾ ਉਚਾਰਨ ਮੱਧਮ ਹੋ ਜਾਂਦਾ ਹੈ। ਸੋ ਸੁਝਾਅ ਇਹ ਭੀ ਹੈ ਕਿ ਜੋੜੀ ਵਜਾਉਣ ਵਾਲੇ, ਮਾਈਕ ਨੂੰ ਜੋੜੀ ਤੋਂ ਥੋੜ੍ਹੀ ਦੂਰੀ ਤੇ ਹੀ ਰੱਖਿਆ ਕਰਨ ਤਾਂ ਜੋ ਜੋੜੀ ਦਾ ਹੁਨਰ, ਸਰੋਤਿਆਂ ਦੇ ਸ਼ਬਦ ਰਸ ਉਪਰ ਹਾਵੀ ਹੋਕੇ ਸ਼ਬਦ-ਸੁਰਤ ਵਿਚ ਵਿਘਨ ਨਾ ਬਣੇ।

# 9) ਗੁਰਬਾਣੀ ਵਿਚ ਆਏ ਸਿਰਲੇਖਾਂ ਦੀ ਤਰਤੀਬ ਦਾ ਸ਼ੁਧ ਉਚਾਰਨ

ਆਮ ਦੇਖਣ ਵਿਚ ਆਉਂਦਾ ਹੈ ਕਿ ਗੁਰਬਾਣੀ ਦੇ ਸ਼ਬਦਾਂ ਦੇ ਸਿਰਲੇਖ ਦਾ ਉਚਾਰਨ, ਅਨਭੋਲ ਹੀ, ਕੁਝ ਬੇਤਰਤੀਬਾ ਜਿਹਾ ਉਚਾਰ ਜਾਈਦਾ ਹੈ। ਸ਼ਬਦਾਂ ਅਥਵਾ ਬਾਣੀਆਂ ਆਦਿ ਦੇ ਆਰੰਭ ਵਿਚ ਪਹਿਲਾਂ ਇਨ੍ਹਾਂ ਦਾ ਇਕ ਸਿਰਲੇਖ ਹੁੰਦਾ ਹੈ ਜੋ ਕਿ ਸ਼ਬਦ ਦੇ ਪਾਠ ਤੋਂ ਪਹਿਲਾਂ ਉਚਾਰੀਦਾ ਹੈ ਤੇ ਫੇਰ ਥੋੜਾ ਜਿਹਾ ਬਿਸਰਾਮ ਦੇ ਕੇ ਅਗੇ ਸ਼ਬਦ ਦੇ ਪਾਠ ਨੂੰ ਆਰੰਭ ਕਰਨਾ ਉਚਿਤ ਹੁੰਦਾ ਹੈ।

ਸੁਖਮਨੀ ਸਾਹਿਬ ਦਾ ਪਾਠ ਕਰਦਿਆਂ, ਆਸਾ ਦੀ ਵਾਰ ਦਾ ਕੀਰਤਨ ਕਰਦਿਆਂ, ਨਿਤਨੇਮ ਦੀਆਂ ਬਾਣੀਆਂ ਜਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰਦਿਆਂ ਸਾਥੋਂ ਇਕ ਆਮ ਭੁਲ ਹੋ ਜਾਂਦੀ ਹੈ। ਸ਼ਬਦਾਂ ਉਪਰ ਆਏ ਸਿਰਲੇਖ ਦਾ ਉਚਾਰਨ ਬੇਤਰਤੀਬਾ ਹੋ ਜਾਂਦਾ ਹੈ। ਬਾਣੀ ਪੜ੍ਹਦਿਆਂ ਜੋ ਸ਼ਬਦ ਉਚਾਰਨ ਕਰ ਰਹੇ ਹੁੰਦੇ ਹਾਂ ਉਸ ਦੇ ਸਿਰਲੇਖ ਦਾ ਪਾਠ (ਉਚਾਰ) ਉਸ ਸ਼ਬਦ ਦੇ ਆਰੰਭ ਵਿਚ ਨਹੀਂ ਕਰਦੇ ਬਲਕਿ ਇਸ ਸ਼ਬਦ ਦੇ ਹੀ ਪਹਿਲੋਂ ਆਏ ਸ਼ਬਦ ਦੀ ਅਖੀਰਲੀ ਤੁਕ ਨਾਲ ਜੋੜ ਕੇ ਪੜ੍ਹ ਜਾਂਦੇ ਹਾਂ। ਅਜਕੱਲ ਵੀ ਸੁਖਮਨੀ ਸਾਹਿਬ ਦੇ ਪਾਠ ਸੰਗਤੀ ਰੂਪ ਵਿਚ ਬਹੁਤ ਪ੍ਰਚਲਤ ਹਨ, ਸੋ ਇਸ ਗਲ ਨੂੰ ਸੌਖਾ ਸਮਝਣ ਲਈ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਦੀ ਉਦਾਰਹਣ ਲੈਂਦੇ ਹਾਂ। ਜਦੋਂ ਕਿਸੇ ਅਸਟਪਦੀ ਦੀ ਅਖੀਰਲੀ ਤੁਕ ਪੜ੍ਹਦੇ ਹਾਂ ਤਾਂ ਅਨਭੋਲ ਹੀ ( ਆਪਣੇ ਬਣੇ ਸੁਭਾਅ ਅਨੁਸਾਰ ) ਅਗੇ ਆ ਰਹੀ ਬਾਣੀ ਦਾ ਸਿਰਲੇਖ, ਜੋ 'ਸਲੋਕੁ' ਹੁੰਦਾ ਹੈ ਉਚਾਰ ਜਾਈਦਾ ਹੈ ਅਤੇ ਸਲੋਕ ਵਾਲੀ ਬਾਣੀ ਦਾ ਪਾਠ ਸਮਾਪਤ ਕਰਦੇ ਸਾਰ ਅਗਲੀ ਆਉਣ ਵਾਲੀ ਬਾਣੀ ਦਾ ਸਿਰਲੇਖ ਜੋ 'ਅਸਟਪਦੀ' ਹੈ ਉਚਾਰ ਜਾਈਦਾ ਹੈ। ਵਧੇਰੇ ਸਪਸ਼ਟਤਾ ਲਈ ਚੌਥੀ ਤੇ ਪੰਜਵੀਂ ਅਸਟਪਦੀ ਦੇ ਪਾਠ ਨੂੰ ਲੈਂਦੇ ਹਾਂ। ਚੌਥੀ ਅਸਟਪਦੀ ਦੇ ਅਖੀਰਲੇ ਪਦ " ਤੂ ਠਾਕੁਰੁ ਤੁਮ ਪਹਿ ਅਰਦਾਸਿ " ਦੀ ਆਖਰੀ ਤੁਕ " ਨਾਨਕ ਦਾਸ ਸਦਾ ਕੁਰਬਾਨੀ ॥" ਪਰ ਅਸੀ  ਬਹੁਤੀ ਵਾਰੀ ਇਸ ਦਾ ਪਾਠ ਗਲਤੀ ਨਾਲ ਇੰਝ ਕਰ ਜਾਂਦੇ ਹਾਂ : " ਨਾਨਕ ਦਾਸ ਸਦਾ ਕੁਰਬਾਨੀ ਸਲੋਕੁ "। ਇਹ 'ਸਲੋਕੁ' ਅਖਰ ਤਾਂ ਅੱਗੇ ਆਉਣ ਵਾਲੀ ਬਾਣੀ " ਦੇਨਹਾਰੁ ਪ੍ਰਭ ਛੋਡਿ ਕੈ ਲਾਗਹਿ ਆਨ ਸੁਆਇ॥" ਦਾ ਸਿਰਲੇਖ ਹੁੰਦਾ ਹੈ। ਪੜ੍ਹਨ ਵਾਲਿਆਂ ਨੇ ਇਹ 'ਸਲੋਕ' ਪਿਛਲੀ ਚੌਥੀ ਅਸਟਪਦੀ ਦੀ ਸਮਾਪਤੀ ਦਾ ਅੰਗ ਬਣਾ ਕੇ ਹੀ ਉਚਾਰਨ ਕਰ ਦਿਤਾ ਹੁੰਦਾ ਹੈ। ਇਹ 'ਸਲੋਕੁ'  ਸ਼ਬਦ ਤਾਂ ਅੱਗੇ ਆ ਰਹੀ ਅਸਟਪਦੀ:

*ਦੇਨਹਾਰੁ ਪ੍ਰਭ ਛੋਡਿ ਕੈ ਲਾਗਹਿ ਆਨ ਸੁਆਇ॥ ਨਾਨਕ ਕਹੂ ਨ ਸੀਝਈ ਬਿਨੁ ਨਾਵੈ ਪਤਿ ਜਾਇ॥*

ਦਾ ਸਿਰਲੇਖ ਸੀ ( ਜੋ ਕਿ ਪੰਜਵੀਂ ਅਸਟਪਦੀ ਦਾ ਆਰੰਭ ਸਲੋਕ ਹੈ) ਪਰ ਪਾਠ ਕਰਨ ਵਾਲਿਆਂ ਨੇ ਇਸ 'ਸਲੋਕੁ' ਅਖੱਰ ਨੂੰ ਚੌਥੀ ਅਸਟਪਦੀ ਦੀ ਅਖੀਰਲੀ ਤੁਕ " ਨਾਨਕ ਦਾਸ ਸਦਾ ਕੁਰਬਾਨੀ" ਦਾ ਅੰਗ ਬਣਾ ਕੇ ਹੀ ਪੜ੍ਹ ਦਿੱਤਾ ਹੁੰਦਾ ਹੈ। ਸੋ ਪਾਠ ਕਰਨ ਦਾ ਠੀਕ ਢੰਗ ਇਹ ਹੈ ਕਿ ਜਦੋਂ ਚੌਥੀ ਅਸਟਪਦੀ ਦੀ ਤੁਕ "ਨਾਨਕ ਦਾਸ ਸਦਾ ਕੁਰਬਾਨੀ॥" ਪੜ੍ਹ ਲਈਏ ਤਾਂ ਥੋੜਾ ਬਿਸਰਾਮ ਦੇ ਕੇ ਅਗਲੀ ਅਸਟਪਦੀ ਦੇ ਸਲੋਕ ਦਾ ਉਚਾਰਨ ਇਸ ਦੇ ਸਿਰਲੇਖ ਸਹਿਤ ਕਰੀਏ। ਹੋਰ ਦੇਖੋ, ਜੋ ਅਗੇ ਹੋਰ ਪ੍ਰਚਲਤ ਭੁੱਲ ਅਜਕੱਲ ਅਸੀ ਕਰਦੇ ਹਾਂ। ਜਦੋਂ ਪੰਜਵੀਂ ਅਸਟਪਦੀ ਦੇ 'ਸਲੋਕੁ'

*ਦੇਨਹਾਰੁ ਪ੍ਰਭ ਛੋਡਿ ਕੈ ਲਾਗਹਿ ਆਨ ਸੁਆਇ॥ ਨਾਨਕ ਕਹੂ ਨ ਸੀਝਈ ਬਿਨੁ ਨਾਵੈ ਪਤਿ ਜਾਇ॥*

ਦੇ ਪਾਠ ਦਾ ਉਚਾਰਨ ਕਰਦੇ ਹਾਂ ਤਾਂ ਬਗੈਰ ਰੁਕੇ ਜਾਂ ਬਿਸਰਾਮ ਦਿੱਤੇ ਪੜ੍ਹ ਜਾਂਦੇ ਹਾਂ "ਬਿਨੁ ਨਾਵੈ ਪਤਿ ਜਾਇ॥ ਅਸਟਪਦੀ "। ਅਸਟਪਦੀ ਅਖੱਰ ਤਾਂ ਅੱਗੇ ਆ ਰਹੀ ਬਾਣੀ "*ਦਸ ਬਸਤੂ ਲੇ ਪਾਛੈ ਪਾਵੈ॥......॥*" ਵਾਲੀ ਬਾਣੀ ਦਾ ਸਿਰਲੇਖ ਹੈ ਪ੍ਰੰਤੂ ਗਲਤੀ ਨਾਲ ਇਸ ਅਖੱਰ ਨੂੰ:

*ਨਾਨਕ ਕਹੂ ਨ ਸੀਝਈ ਬਿਨੁ ਨਾਵੈ ਪਤਿ ਜਾਇ॥*

ਦਾ ਅਨਿਖੜਵਾਂ ਅੰਗ ਬਣਾ ਕੇ ਹੀ ਉਚਾਰਨ ਕਰ ਦਿੱਤਾ ਹੁੰਦਾ ਹੈ। ਇੰਝ ਪੰਜਵੀਂ ਅਸਟਪਦੀ ਦੀ ਆਰੰਭਤਾ ਦਾ ਸਿਰਲੇਖ ਭੀ ਆਪਣੇ ਅਸਲੀ ਟਿਕਾਣੇ ਤੋਂ ਹਿਲਾ ਕੇ ਪਹਿਲਾਂ ਹੀ ਅਲੋਪ ਕਰ ਜਾਂਦੇ ਹਾਂ। ਸ੍ਰੀ ਸੁਖਮਨੀ ਸਾਹਿਬ ਦਾ ਪਾਠ ਅੱਜ ਕੱਲ੍ਹ ਸੰਗਤੀ ਰੂਪ ਵਿਚ ਬਹੁਤ ਪ੍ਰਚਲਤ ( ਸ਼ਾਇਦ ਹਮੇਸ਼ਾਂ ਰਿਹਾ) ਹੈ। ਸੁਭਾਅ ਇਹ ਬਣੀ ਜਾ ਰਿਹਾ ਹੈ ਕਿ ਹਰ ਅਸਟਪਦੀ ਦੀ ਸਮਾਪਤੀ ਦੀ ਤੁਕ

ਨਾਲ 'ਸਲੋਕੁ' ਦਾ ਅਖਰ ਇੰਝ ਜੋੜ ਕੇ ਪੜ੍ਹਨਾ ਹੀ ਹੈ ਜਿਵੇਂ ਕਿ ਇਹ ਸਮਾਪਤੀ ਵਾਲੀ ਅਸਟਪਦੀ ਦਾ ਅੰਗ ਹੀ ਹੈ। ਅੱਗੋਂ ਆਉਣ ਵਾਲੇ 'ਸਲੋਕੁ' ਵਾਲੀ ਬਾਣੀ ਸਿਰਲੇਖ ਰਹਿਤ ਹੋ ਦਿਸਦੀ ਹੈ। ਫਿਰ ਇਹ 'ਸਲੋਕ' ਦੇ ਉਚਾਰਨ ਦੀ ਸਮਾਪਤੀ ਨਾਲ 'ਅਸਟਪਦੀ' ਅਖੱਰ ਇੰਝ ਪੜ੍ਹ ਜਾਂਦੇ ਹਾਂ ਜਿਵੇਂ ਕਿ ਇਹ ਅਖੱਰ ਪੜ੍ਹੇ ਜਾ ਰਹੇ 'ਸਲੋਕ' ਦੀ ਅਖੀਰਲੀ ਤੁਕ ਦਾ ਅਨਿੱਖੜਵਾਂ ਅੰਗ ਹੀ ਹੁੰਦਾ ਹੈ ਅਤੇ ਅੱਗੇ ਆਉਣ ਵਾਲੀ ਅਸਟਪਦੀ ਦੀ ਬਾਣੀ ਬਗੈਰ ਕਿਸੇ ਸਿਰਲੇਖ ਤੋਂ ਪਰਗਟ ਹੁੰਦੀ ਹੈ।

ਇਵੇਂ ਆਸਾ ਦੀ ਵਾਰ ਦੇ ਕੀਰਤਨੀਆਂ ਤੋਂ ਐਸੀਆਂ ਭੁੱਲਾਂ ਅਨਭੋਲ ਹੁੰਦੀਆਂ ਦੇਖਣ ਵਿਚ ਆਉਦੀਆਂ ਹਨ। ਆਸਾ ਦੀ ਵਾਰ ਵਿਚ ੨੪ ਪਉੜੀਆਂ ਹਨ। ਹਰ ਪਉੜੀ ਦੇ ਗਾਉਣ ਤੋਂ ਪਹਿਲਾਂ ਕੁਝ ਮਹਲੇ ਪਹਿਲੇ ਤੇ ਥੋੜੇ ਮਹਲਾ ਦੂਜੇ ਦੇ ਸਲੋਕ ਭੀ ਲਿਖੇ ਹਨ। ਪਉੜੀ ਨੂੰ ਕਿਸੇ ਤਾਲ ਵਿਚ ਗਾ ਕੇ ਉਚਾਰਨ ਤੋਂ ਪਹਿਲਾਂ ਇਨ੍ਹਾਂ ਸਲੋਕਾਂ ਨੂੰ ਅਲਾਪ ਵਿਚ ਗਾ ਕੇ ਪੜ੍ਹਿਆ ਜਾਂਦਾ ਹੈ। ਹਰ ਪਉੜੀ ਦੀ ਅਰੰਭਤਾ ਦਾ ਸਿਰਲੇਖ ਸਲੋਕ ਮਹਲਾ ੧ ਕਰਕੇ ਆਰੰਭ ਹੁੰਦਾ ਹੈ ( ਸਿਵਾਏ ੨੧, ੨੨ ਤੇ ੨੩ ਵੀਂ ਪਉੜੀ ਦੇ ਸਲੋਕਾਂ ਤੋਂ) ਇਸ ਅਰੰਭਤਾ ਦੇ ਸਲੋਕ ਮਹਲਾ ੧ ਤੋਂ ਬਾਅਦ ਆਏ ਸਲੋਕਾਂ ਦਾ ਸਿਰਲੇਖ ਕੇਵਲ ਮਹਲਾ ਪਹਿਲਾ ਜਾਂ ਮਹਲਾ ਦੂਜਾ ਕਰਕੇ ਆਉਂਦਾ ਹੈ। ਆਸਾ ਦੀ ਵਾਰ'ਚ ਕੀਰਤਨੀਏ ਜਥੇ 'ਪਉੜੀ' ਦੇ ਸਿਰਲੇਖ ਤੋਂ ਪਹਿਲਾਂ ਆਏ ਸਲੋਕ ਬਹੁਤੀ ਕਰਕੇ ਵਾਰੀ ਵਾਰੀ ਸਿਰ ਅਲਾਪਦੇ ਹਨ। ਸੁਭਾਅ ਵਸ ਹੋ ਕੇ ਕਈ ਰਾਗੀਆਂ ਪਾਸੋਂ ਭੁੱਲ ਇਹ ਹੋ ਜਾਂਦੀ ਹੈ ਕਿ ਜਦੋਂ ਕੋਈ ਜਣਾ ਕਿਸੇ ਸਲੋਕ (ਅਥਵਾ ਮਹਲੇ) ਦੀ ਕੋਈ ਸਮਾਪਤੀ ਦੀ ਤੁਕ ਪੜਦਾ ਹੈ ਤਾਂ ਉਹ ਅਨਭੋਲ ਹੀ ਅੱਗੇ ਆਉਣ ਵਾਲੇ ਮਹਲੇ ਦੇ ਸਿਰਲੇਖ ਨੂੰ ਭੀ ਇਉਂ ਉਚਾਰਨ ਕਰ ਜਾਂਦਾ ਹੈ ਜਿਵੇਂ ਕਿ ਉਸ ਦੇ ਅਲਾਪੇ ਜਾ ਰਹੇ ਸਲੋਕ ਦਾ ਹੀ ਅੰਗ ਹੈ ਅਤੇ ਅੱਗੇ ਅਖੀਰਲਾ ਅੱਖਰ ਬਾਣੀ ਦਾ ਉਚਾਰਨ ਸਿਰਲੇਖ ਦੀ ਆਰੰਭਤਾ ਤੋਂ ਬਗੈਰ ਹੋਇਆ ਦਿਸਦਾ ਹੈ। ਉਦਾਰਹਨ ਵਜੋਂ ਬਾਰ੍ਹਵੀਂ ਪਉੜੀ ਵਿਚ ਆਏ ਸਲੋਕਾਂ ਦਾ ਵੇਰਵਾ ਲੈਂਦੇ ਹਾਂ। ਇਸ ਵਿਚ ਆਰੰਭਤਾ ਦੇ ਸਲੋਕ ਦਾ ਸਿਰਲੇਖ 'ਸਲੋਕ ਮਹਲਾ ੧' ਹੈ ਅਤੇ ਇਸ ਦੀ ਪਹਿਲੀ ਤੁਕ ਹੈ:

*ਦੁਖੁ ਦਾਰੂ ਸੁਖੁ ਰੋਗੁ ਭਇਆ ਜਾ ਸੁਖੁ ਤਾਮਿ ਨ ਹੋਈ॥* ਅਤੇ ਸਮਾਪਤੀ ਦੀ ਤੁਕ ਹੈ:

*ਕਹੁ ਨਾਨਕ ਕਰਤੇ ਕੀਆ ਬਾਤਾ ਜੋ ਕਿਛੁ ਕਰਣਾ ਸੁ ਕਰਿ ਰਹਿਆ॥* ਅੱਗੇ ਆ ਰਹੇ:

*ਜੋਗ ਸਬਦੰ ਗਿਆਨ ਸਬਦੰ ਬੇਦ ਸਬਦੰ ਬ੍ਰਾਹਮਣਹ॥*

ਵਾਲੇ ਸਲੋਕ ਦਾ ਸਿਰਲੇਖ ਹੈ ਮਹਲਾ ੨, ਪਰ ਜੇ ਇਸ 'ਮਹਲਾ ੨' ਦੇ ਸਿਰਲੇਖ ਨੂੰ ਪਹਿਲੇ ਆਏ ਸਲੋਕ ਦੀ ਆਖਰੀ ਤੁਕ ਨਾਲ ਜੋੜ ਕੇ ਪੜ੍ਹੀਏ ਤਾਂ ਉਸ ਦਾ ਗਲਤ ਉਚਾਰਨ ਇੰਝ ਬਣ ਜਾਵੇਗਾ:

ਕਹੁ ਨਾਨਕ ਕਰਤੇ ਕੀਆ ਬਾਤਾ ਜੋ ਕਿਛੁ ਕਰਣਾ ਸੁ ਕਰਿ ਰਹਿਆ॥ ਮਹਲਾ ੨

"*ਜੋਗ ਸਬਦੰ ਗਿਆਨ...*" ਵਾਲਾ ਸਲੋਕ ਸਿਰਲੇਖ ਰਹਿਤ ਹੋ ਦਿਸੇਗਾ। ਸਿਰਲੇਖਾਂ ਦੇ ਉਚਾਰਨੀ ਦੀ ਤਰਤੀਬ ਗਾਏ ਜਾ ਰਹੇ ਸ਼ਬਦ ਦੀ ਆਰੰਭਤਾ ਤੇ ਹੀ ਫਬਦੀ ਹੈ। ਇਨ੍ਹਾਂ ਸਿਰਲੇਖਾਂ ਨੂੰ ਪਿੱਛੇ ਗਾਏ ਜਾ ਰਹੇ ਸਲੋਕਾਂ ਦੀਆਂ ਆਖਰੀਆਂ ਤੁਕਾਂ ਨਾਲ ਜੋੜ ਕੇ ਗਾਉਣਾ ਬੇਤਰਤੀਬੀ ਹੈ।

( ਅੱਜ ਮਿਤੀ ੨੭ ਅਪ੍ਰੈਲ, ੨੦੦੨, ਸਵੇਰੇ ਹਰਿਮੰਦਰ ਸਾਹਿਬ, ਸ੍ਰੀ ਅੰਮ੍ਰਿਤਸਰ ਤੋਂ ਟੀ.ਵੀ ਰਾਹੀ ਆਸਾ ਦੀ ਵਾਰ ਦਾ ਕੁਝ ਕੀਰਤਨ ਸੁਨਣ ਦਾ ਸੁਭਾਗ ਮਿਲਿਆ। ਭਾਈ ਸਾਹਿਬ ਜੀ ਕੀਰਤਨ ਵਿਚ ਆਏ ਸਿਰਲੇਖਾਂ ਦਾ ਉਚਾਰਨ ਬੜੀ ਸਰਲਤਾ ਤੇ ਸਪਸ਼ਟਤਾ ਨਾਲ ਕਰ ਰਹੇ ਸਨ। ਸੁਣ ਕੇ ਚਿਤ ਬਹੁਤ ਪ੍ਰਸੰਨ ਹੋਇਆ, ਸ਼ਾਇਦ ਇਹ ਜਥਾ ਭਾਈ ਹਰੀ ਸਿੰਘ ਜੀ ਦਾ ਸੀ। ਭਾਈ ਹਰੀ ਸਿੰਘ ਜੀ ਹਰਿਮੰਦਰ ਸਾਹਿਬ ਦੇ ਸਭ ਤੋਂ ਪੁਰਾਤਨ ਕੀਰਤਨੀਆਂ ਵਿਚੋਂ ਹਨ ਜਿਨ੍ਹਾਂ ਨੂੰ ਜਵਾਨੀ ਦੀ ਅਵਸਥਾ ਵਿਚ ਕੀਰਤਨ ਕਰਦਿਆਂ ਸੁਣਦੇ ਹੁੰਦੇ ਸਾਂ। ਉਹ ਭੀ ਭਰ ਜਵਾਨ ਤੇ ਅਸੀ ਸਰੋਤੇ ਭੀ। ਉਹ ਸੂਝਵਾਨ ਕੀਰਤਨੀਏ ਸਨ ਅਸੀਂ ਸਕੂਲਾਂ ਕਾਲਜਾਂ ਵਿਚ ਪੜ੍ਹਨ ਵਾਲੇ ਅਲੜ ਤੇ ਅਲਪ ਮੱਤ ਵਾਲੇ ਸਾਂ)

ਅੱਜ ਇਹ ਸੁਣਕੇ ਜਾਂ ਦੇਖ ਕੇ ਚਿਤ ਵਿਚ ਬੜੀ ਖੁਸ਼ੀ ਪ੍ਰਤੀਤ ਕੀਤੀ ਜੋ ਇਨ੍ਹਾਂ ਕੀਰਤਨੀਆਂ ਨੇ ਆਸਾ ਦੀ ਵਾਰ ਵਿਚ ਆਏ ਸਿਰਲੇਖਾਂ ਦੀ ਤਰਤੀਬ ਦਾ ਉਚਾਰਨ ਦਾ ਵਿਰਸਾ ਸਾਂਭਿਆ ਹੋਇਆ ਹੈ। ਸ੍ਰੀ ਹਰਿਮੰਦਰ ਸਾਹਿਬ ਦੇ ਸਾਰੇ ਕੀਰਤਨੀਆਂ ਪ੍ਰਤੀ ਸੁਝਾਅ ਹੈ ਜੋ ਉਹ ਭੀ ਸਿਰਲੇਖਾਂ ਦੇ ਉਚਾਰਨ ਦੀ ਸ਼ੁਧ ਤਰਤੀਬ ਨੂੰ ਅਪਨਾਉਣ। ਹੋਰ ਸਭ ਕੀਰਤਨੀ ਜੱਥੇ, ਜੋ ਵਾਰ ਵਿੱਚ ਆਏ ਸਿਰਲੇਖਾਂ ਦਾ ਸਰਲਤਾ ਸਹਿਤ ਉਚਾਰਨ ਕਰਦੇ ਹਨ ਨੂੰ ਮੁਬਾਰਕ ਹੈ ਤੇ ਉਹ ਸਤਿਕਾਰਯੋਗ ਹਨ।

ਬਿਲਕੁਲ ਇਹੀ ਸੁਝਾਅ ਵਿਚਾਰਵਾਨ ਗ੍ਰੰਥੀਆਂ ਜੀ ਨੂੰ ਹੈ ਕਿ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਵਾਕ ਲੈਂਦਿਆਂ ਜੇ ਕਿਸੀ ਵਾਰ ਵਿਚੋਂ ਹੁਕਮ ਆ ਜਾਵੇ ਤਾਂ ਪਉੜੀ ਤੋਂ ਪਹਿਲੋਂ ਆਏ ਇਕ ਤੋਂ ਵਧੇਰੇ ਆਏ ਸਲੋਕ ਅਥਵਾ ਮਹਲਿਆਂ ਦੇ ਸਿਰਲੇਖ ਪਿਛਲੇ ਪੜ੍ਹੇ ਜਾ ਰਹੇ ਸਲੋਕ ਜਾਂ ਮਹਲੇ ਦੀ ਆਖਰੀ ਤੁਕ ਨਾਲ ਨਾ ਜੋੜ ਲਿਆ ਕਰਨ। ਹਰ ਸਲੋਕ ਅਥਵਾ ਮਹਲੇ ਦਾ ਸਿਰਲੇਖ ਆਪਣਾ ਹੁੰਦਾ ਹੈ। ਉਸ ਨੂੰ ਆਪਣੇ ਅੱਗੇ ਆ ਰਹੇ ਸ਼ਬਦ ਨਾਲ ਜੋੜ ਕੇ ਉਚਾਰਨਾ ਉਚਿਤ ਹੈ। ਕਿਸੇ ਭੀ ਸਿਰਲੇਖ ਨੂੰ ਪਿਛਲੇ ਸਲੋਕ ਦੀ ਆਖਰੀ ਤੁਕ ਦਾ ਅੰਗ ਬਣਾ ਕੇ ਉਚਾਰਨ ਕਰਨ ਦੀ ਆਦਤ ਤੋਂ ਰੁਕਣ ਦੀ ਕੋਸ਼ਿਸ਼ ਕਰਨੀ ਹੈ ਜੀ।

ਹੁਣ ਗੁਰਬਾਣੀ ਵਿਚ ਆਏ ਸਿਰਲੇਖਾਂ ਦੀ ਗਲ ਅਖੰਡ ਪਾਠੀਆਂ ਪ੍ਰਥੀ ਸਾਂਝੀ ਕਰਨ ਦਾ ਹੌਂਸਲਾ ਕਰਦਾ ਹਾਂ ਜੀ। ਬੇਨਤੀ ਹੈ ਕਿ ਪਾਠ ਕਰਦਿਆਂ ਜਿੱਥੇ ਕਿਧਰੇ ਕਿਸੇ ਸ਼ਬਦ ਦੀ ਸਮਾਪਤੀ ਹੋਵੇ ਉਥੇ ਇਕ ਛੋਟਾ ਜਿਹਾ ਬਿਸਰਾਮ ਦੇਕੇ ਫੇਰ ਅਗਲੇ ਸ਼ਬਦ ਦਾ ਸਿਰਲੇਖ ਉਚਾਰਨ ਕਰਕੇ ਉਸ ਸ਼ਬਦ ਦਾ ਪਾਠ ਅੱਗੇ ਤੋਰਨ। ਹੁੰਦਾ ਕੀ ਹੈ ਕਿ ਪਾਠ, ਖਾਸ ਕਰਕੇ ਅਖੰਡ ਪਾਠ ਵਿਚ ਜਦੋਂ ਬਾਣੀ ਦਾ ਪਾਠ ਤੇਜ਼ ਰਫਤਾਰ ਨਾਲ ਕਰਦੇ ਹਾਂ ਤਾਂ ਲਗਭਗ ਹਰ ਸ਼ਬਦ ਦੀ ਸਮਾਪਤੀ ਹੁੰਦਿਆਂ ਹੀ ਬਗੈਰ ਕਿਸੇ ਬਿਸਰਾਮ ਤੋਂ ਅਗਲੇ ਆਉਣ ਵਾਲੇ ਸ਼ਬਦ ਦਾ ਸਿਰਲੇਖ ਉਚਾਰਨ ਕਰਕੇ ਹੀ ਸਾਹ ਲੈਣ ਦੀ ਆਮ ਆਦਤ ਪਕੀ ਹੋਈ ਹੈ ਤੇ ਫੇਰ ਜਦੋਂ ਅਗਲਾ ਸ਼ਬਦ ਪੜੀਦਾ ਹੈ ਇਹ ਅਗਲੇ ਸ਼ਬਦ ਦੀ ਆਰੰਭਤਾ ਸਿਰਲੇਖ ਰਹਿਤ ਪਰਗਟ ਹੁੰਦੀ ਹੈ। ਉਧਾਰਨ ਦੇ ਤੌਰ ਤੇ ਸੋਰਠਿ ਰਾਗ ਵਿਚ ਪੰਚਮ ਪਾਤਸ਼ਾਹ ਦਾ ੮੭ ਵੇਂ ਸ਼ਬਦ ਦੀ ਆਰੰਭਤਾ 'ਸੋਰਠਿ ਮਹਲਾ ੫' ਅਗੇ *"ਆਗੈ ਸੁਖੁ ਮੇਰੇ ਮੀਤਾ॥ ਪਾਛੇ ਆਨਦੁ ਪ੍ਰਭਿ ਕੀਤਾ॥"* ਅਤੇ ਇਸ ਸ਼ਬਦ ਦੀ ਸਮਾਪਤੀ ਦੀ ਤੁਕ ਹੈ *"ਅਚਰਜੁ ਤੇਰੀ ਵਡਿਆਈ ॥ਨਿਤ ਨਾਨਕ ਨਾਮੁ ਧਿਆਈ॥੨॥੨੩॥੮੭॥"* ਹੈ। ਅਗਲੇ ੮੮ਵੇਂ ਸ਼ਬਦ ਦੀ ਆਰੰਭਤਾ ਹੈ :- 'ਸੋਰਠਿ ਮਹਲਾ ੫' *" ਨਾਲਿ ਨਰਾਇਣੁ ਮੇਰੈ॥ ਜਮਦੂਤੁ ਨ ਆਵੈ ਨੇਰੈ॥"* ਪਾਠ ਕਰਦਿਆਂ ਸਾਥੋਂ ਭੁੱਲ ਇਹ ਹੁੰਦੀ ਹੈ ਕਿ ੮੭ਵੇਂ ਸ਼ਬਦ ਦੀ ਆਖਰੀ ਤੁਕ ਦੇ ਨਾਲ ਹੀ ੮੮ਵੇਂ ਸ਼ਬਦ ਦੇ ਸਿਰਲੇਖ 'ਸੋਰਠਿ ਮਹਲਾ ੫' ਕਹਿਕੇ ਹੀ ਸਾਹ ਲਈਦਾ ਹੈ। ਇੰਝ ੮੭ਵੇਂ ਸ਼ਬਦ ਦੇ ਪਾਠ ਦੀ ਸਮਾਪਤੀ ਬਣ ਜਾਂਦੀ ਹੈ:- "ਅਚਰਜੁ ਤੇਰੀ ਵਡਿਆਈ॥ ਨਿਤ ਨਾਨਕ ਨਾਮੁ ਧਿਆਈ॥ ਸੋਰਠਿ ਮਹਲਾ ੫" ਫਿਰ ਪਾਠੀ ਥੋੜਾ ਸਬਰ ਲੈ ਕੇ ੮੮ ਵਾਂ ਸ਼ਬਦ "ਨਾਲਿ ਨਰਾਇਣੁ ਮੇਰੈ॥" ਵਾਲਾ ਬਗੈਰ ਸਿਰਲੇਖ ਦੀ ਸਪਸ਼ਟਤਾ ਤੋਂ ਹੀ ਪੜ੍ਹਦੇ ਹਨ। ਦੇਖਣ ਵਿਚ ਆਉਦਾ ਹੈ ਅਖੰਡ ਪਾਠ ਕਰਦਿਆਂ (ਜਾਂ ਸਹਿਜ ਪਾਠ ਕਰਦਿਆਂ) ਲਗਭਗ ਹਰ ਸ਼ਬਦਾਂ ਦੇ ਸਿਰਲੇਖ ਪਿਛਲੇਰੇ ਸ਼ਬਦਾਂ ਦੀ ਆਖਰੀ ਤੁਕਾਂ ਦਾ ਅੰਗ ਬਣਾ ਕੇ ਹੀ ਉਚਾਰਨ ਹੁੰਦਾ ਰਹਿੰਦਾ ਹੈ। ਪਾਠੀਆਂ ਦਾ ਇਹ ਸੁਭਾਅ ਹੀ ਪੱਕ ਚੁੱਕਾ ਹੈ ਅਤੇ ਇਹ ਭੁੱਲ ਸੁਭਾਅ ਵੱਸ ਹੋ ਕੇ ਹੀ ਹੁੰਦੀ ਹੈ। ਹਰ ਪਾਠੀ ਨੂੰ, ਭਾਵੇਂ ਉਹ ਨਿਸ਼ਕਾਮ ਪਾਠ ਕਰਦਾ ਹੈ ਤੇ ਭਾਵੇਂ ਕਾਮਨਾ ਸਹਿਤ ਕਰਦਾ ਹੈ, ਇਸ ਵਡੀ ਭੁੱਲ ਨੂੰ ਸੋਧਣਾ ਚਾਹੀਦਾ ਹੈ। ਮੈਂ ਕਈ ਵਾਰੀ ਇਨ੍ਹਾਂ ਭੁੱਲਾਂ ਦਾ ਅਭਾਗੀ ਹੋ ਜਾਂਦਾ ਹਾਂ। ਸਤਿਗੁਰੂ ਸੋਝੀ ਬਖਸ਼ਣ ਤੇ ਸਮਰਥਾ ਭੀ।

ਲੇਖਕ ਨੂੰ ਉਪਰੋਕਤ ਵਿਚਾਰ ਦੀ ਸੋਝੀ, ੧੯੪੦ ਦੇ ਦਹਾਕੇ ਵਿਚ ਇੱਕ ਬਜ਼ੁਰਗ ਮਹਾਂਪੁਰਖਾਂ ਨੇ ਬਖਸ਼ੀ ਸੀ। ਇਹਨਾਂ ਗੁਰਮੁਖਾਂ ਦਾ ਸੁਪ੍ਰਸਿੱਧ ਨਾਮ ਭਾਈ ਹਰਦਿਤ ਸਿੰਘ ਜੀ ਸੀ। ਉਮਰ ਬਹੁਤ ਵਡੇਰੀ ਸੀ। ਲੱਕ ਵਿਚ ਥੋੜਾ ਕੁਬ ਵੀ ਸੀ।ਮੇਰੇ ਦਾਦਾ ਜੀ ਸ੍ਰ: ਹਜ਼ੂਰਾ ਸਿੰਘ ਜੀ ਦੀ ਕੋਠੀ, ਜੀ.ਟੀ. ਰੋਡ, ਸ੍ਰੀ ਅੰਮ੍ਰਿਤਸਰ ਵਿਖੇ ਕਦੀ ਕਦਾਈਂ ਆਇਆ ਕਰਦੇ ਸਨ। ਇਸ ਕੋਠੀ ਵਿਚ ਪਹਿਲਾਂ ਗੁਰੂ ਨਾਨਕ ਵਿੱਦਿਆ ਭੰਡਾਰ ਦਾ ਦਫਤਰ ਵੀ ਹੁੰਦਾ ਸੀ। ਇਕ ਸ਼ਾਮ ਨੂੰ ਮੈਂ ਰਹਿਰਾਸ ਸਾਹਿਬ ਦਾ ਪਾਠ ਕਰਦਿਆਂ ਜਦੋਂ *"ਤੇਰਾ ਕੀਤਾ ਜਾਤੋ ਨਾਹੀ "* ਦੇ ਸ਼ਬਦ ਦੀ ਸਮਾਪਤੀ ਦੀ ਤੁਕ ਨਾਲ

" ਨਾਨਕ ਨਾਮੁ ਮਿਲੈ ਤਾਂ ਜੀਵਾਂ ਤਨੁ ਮਨੁ ਥੀਵੈ ਹਰਿਆ ਪਉੜੀ॥"

ਕਰਕੇ ਸਮਾਪਤ ਕੀਤਾ ਤੇ ਅੱਗੇ " ਤਿਥੈ ਤੂ ਸਮਰਥੁ " ਪੜ੍ਹਨ ਲੱਗਾ ਤਾਂ ਉਨ੍ਹਾਂ ਮੈਨੂੰ ਟੋਕ ਦਿੱਤਾ ਕਿ ਕਾਕਾ ਇਹ ਪਉੜੀ ਵਾਲਾ ਸ਼ਬਦ " ਤਿਥੈ ਤੂ ਸਮਰਥੁ..." ਵਾਲਾ ਵੱਖਰਾ ਹੈ ਅਤੇ "ਨਾਨਕ ਨਾਮੁ ਮਿਲੈ ਤਾਂ ਜੀਵਾਂ..." ਵਾਲਾ ਵੱਖਰਾ ਹੈ। 'ਪਉੜੀ' ਅਗਲੇ ਸ਼ਬਦ ਦਾ ਵੱਖਰਾ ਸਿਰਲੇਖ ਹੈ ਸੋ ਨਿਖੇੜਕੇ ਪੜਿਆ ਕਰ। ਪਉੜੀ ਅਖਰ ਨੂੰ "ਤਨੁ ਮਨੁ ਥੀਵੈ ਹਰਿਆ" ਦੀ ਸਮਾਪਤੀ ਵਿਚ ਨਾ ਜੋੜ ਲਿਆ ਕਰ। ਅੱਜ ੬੦-੬੫ ਸਾਲ ਪੁਰਾਣੀ ਮਿੱਠੀ ਯਾਦ ਤਾਜ਼ਾ ਹੋਈ ਹੈ। ਇਸ ਯਾਦ ਵਿਚ ਉਪਰੋਕਤ ਲੇਖ ਲਿਖਣ ਦਾ ਉਤਸ਼ਾਹ ਮਿਲਿਆ ਹੈ। ਕੋਈ ਭੁੱਲ ਹੋਵੇ ਤਾ ਖਿਮਾ ਦਾ ਜਾਚਕ ਹਾਂ। ਆਪਣੀ ਮਤੁ ਅਨੁਸਾਰ ਕਿਛ ਜਾਣਦਾ ਨਹੀ ਹਾਂ ਜੀ।

# 10) " ਸੋ ਕਰੇ ਜਿ ਤਿਸੈ ਰਜਾਇ ॥੨੪॥੧॥ ਸੁਧੁ ॥ "

ਉਪਰ ਲਿਖੀ ਗੁਰਬਾਣੀ ਦੀ ਤੁਕ, ਰਾਗ ਆਸਾ ਦੀ ਵਾਰ ਦੀ ਆਖਰੀ ਤੁਕ ਹੈ। ਇਸ ਵਾਰ ਦਾ ਕੀਰਤਨ ਲਗਭਗ ਹਰ ਗੁਰਦੁਆਰੇ ਵਿਚ ਰੋਜ਼ ਹੁੰਦਾ ਹੈ। ਇਸ ਵਿਚ ੬੦ ਸਲੋਕ ਅਤੇ ੨੪ ਪਉੜੀਆਂ ਹਨ। ਸਲੋਕ ਤੇ ਪਉੜੀਆਂ ਦੀ ਗਿਣਤੀ ਦਾ ਕੁਲ ਜੋੜ ੮੪ ਬਣਦਾ ਹੈ। ਬਜ਼ੁਰਗ ਦੱਸਿਆ ਕਰਦੇ ਸਨ ਕਿ ਜੇ ਜੀਵਨ ਇਸ ਬਾਣੀ ਦੇ ਸੰਦੇਸ਼ਾਂ ਅਨੁਸਾਰ ਜੀਵਿਆ ਜਾਵੇ ਤਾਂ ਜੀਵ ਦੀ ੮੪ (੮੪ ਲੱਖ ਜੂਨ) ਕਟੀ ਜਾਂਦੀ ਹੈ। ਸ਼ਾਇਦ ਇਸ ਕਾਰਨ ਵੀ ਗੁਰੂ ਸਿੱਖਾਂ ਨੂੰ ਇਸ ਵਾਰ ਦਾ ਕੀਰਤਨ ਹਰ ਰੋਜ਼ ਗਾਇਨ ਕਰਨ ਹਿਤ ਵਿਰਸੇ ਵਿਚ ਮਿਲਿਆ ਹੋਇਆ ਹੈ। ਇਸ ਵਾਰ ਦੇ ਨਾਲ ਜਦੋਂ ਚੌਥੀ ਪਾਤਸ਼ਾਹੀ ਦੇ ਆਸਾ ਰਾਗ ਦੇ ੨੪ ਛੰਦ ਵੀ ਗਾਇਨ ਹੁੰਦੇ ਹਨ ਤਾਂ ਇਹ ਗੁਰ ਸਿਖਾਂ ਦੀ ਇਕ ਅਠੋਤਰੀ (੮੪ + ੨੪ = ੧੦੮) ਮਨਕਿਆਂ ਵਾਲੀ ਮਾਲਾ ਦਾ ਰੂਪ ਹੀ ਧਾਰ ਲੈਂਦੀ ਹੈ।

ਹੁਣ ਇਸ ਵਾਰ ਦੇ ਵਿਰਸੇ ਦੀ ਅਗਲੀ ਗਲ ਤੋਰਦੇ ਹਾਂ। ਇਸ ਵਾਰ ਦਾ ਆਖਰੀ ਅੱਖਰ ਹੈ 'ਸੁਧੁ' । ਗੁਰਬਾਣੀ ਦਾ ਸਤਿਕਾਰ ਕਰਦੇ, ਜਦੋਂ ਕੀਰਤਨੀਏ ਆਸਾ ਦੀ ਵਾਰ ਦੀ ਚੌਵੀ ਵੀਂ (ਅਖੀਰਲੀ) ਪਉੜੀ 'ਵਡੇ ਕੀਆ ਵਡਿਆਈਆ' ਦੀ ਪਉੜੀ ਗਾਇਨ ਕਰਦੇ ਜਾਂ ਉਚਾਰਨ ਕਰਦੇ ਹਨ ਤਾਂ ਇਸ ਪਉੜੀ ਦੀ ਸਮਾਪਤੀ ਤੇ 'ਸੁਧੁ' ਅਖਰ ਦਾ ਉਚਾਰਨ ਵੀ ਕਰਦੇ ਆ ਰਹੇ ਹਨ। ਬਹੁਤੇ ਕੀਰਤਨੀਏ ਇਸ ਸ਼ਬਦਾਵਲੀ ਨੂੰ ਤਬਲੇ ਦੀ ਥਾਪ ਜਾਂ ਗੁਰ ਉਪਰ ਸਮਾਪਤ ਕਰਦੇ ਹੋਏ 'ਸੁਧੁ' ਅੱਖਰ ਨੂੰ ਸਪਸ਼ਟਤਾ ਨਾਲ ਉਚਾਰਦੇ ਆਏ ਹਨ। ਦਾਸ ਨੇ ਬਚਪਨ ਤੋਂ ਭਾ: ਸੁਧ ਸਿੰਘ ਜੀ ਪ੍ਰਧਾਨ ਸਿੰਘ ਜੀ, ਭਾਈ ਸਮੰਦ ਸਿੰਘ ਜੀ, ਭਾਈ ਜਵਾਲਾ ਸਿੰਘ ਜੀ, ਭਾਈ ਪਿਆਰਾ ਸਿੰਘ ਜੀ, ਭਾਈ ਸੰਤਾ ਸਿੰਘ ਜੀ, ਭਾਈ ਬਖਸ਼ੀਸ਼ ਸਿੰਘ ਜੀ ਆਦਿ ਅਤੇ ਹੋਰ ਅਨੇਕਾਂ ਸੁਪ੍ਰਸਿੱਧ ਜੱਥਿਆਂ ਤੋਂ ਕੀਰਤਨ ਸੁਣਿਆ ਹੈ। ਕੋਈ ਵੀ ਇਕ ਐਸਾ ਕੀਰਤਨੀ ਜਥਾ ਧਿਆਨ ਵਿਚ ਨਹੀ ਜਿਸ ਨੇ ਵਾਰ ਦੀ ਸਮਾਪਤੀ 'ਸੁਧੁ' ਉਚਾਰਨ ਬਗੈਰ ਕੀਤੀ ਹੋਵੇ। 'ਸੁਧੁ' ਅੱਖਰ ਇਸ ਬਾਣੀ ਦੇ ਸੰਦੇਸ਼ ਦੀ ਸੁਧਤਾ ਦੀ ਛਾਪ ਹੈ। ਗੁਰਬਾਣੀ ਦੇ ਅਰਥਾਂ ਦਾ ਇਕ ਪੱਖ ਉਸ ਦੀ ਭਾਸ਼ਾ ਦੇ ਅਧਾਰ ਤੇ ਹੁੰਦਾ ਹੈ ਅਤੇ ਇਕ ਹੋਰ ਪੱਖ ਵੀ ਹੁੰਦਾ ਹੈ ਜੋ ਅਧਿਆਤਮਕ ਹੁੰਦਾ ਹੈ। ਅਧਿਆਤਮਕ ਪੱਖ ਵਾਲੇ ਅਰਥ ਭਾਗਾਂ ਵਾਲੇ ਸਿਦਕੀ ਨਾਮ ਅਭਿਆਸੀਆਂ ਦੀ ਝੋਲੀ ਪੈਂਦੇ ਰਹਿੰਦੇ ਹਨ। ਜੋ ਅਰਥ ਇਨ੍ਹਾਂ ਦੋਨਾਂ ਪੱਖਾਂ ਤੋਂ ਸਾਂਝੇ ਹਨ ਉਹ ਪ੍ਰਚਲਤ ਹੋ ਕੇ ਵਿਰਸੇ ਦੀ ਰਵਾਇਤ ਬਣ ਜਾਂਦੇ ਹਨ।

ਬਹੁਤੇ ਕੀਰਤਨੀਆਂ ਨੇ 'ਸੁਧੁ' ਦੇ ਉਚਾਰਨ ਦੀ ਰਵਾਇਤ ਨੂੰ ਦੇਸ ਪਰਦੇਸ ਵਿਚ ਕਾਇਮ ਰੱਖਿਆ ਹੋਇਆ ਹੈ, ਪਰ ਅੱਜਕੱਲ ਕੁਝ ਐਸੇ ਕੀਰਤਨੀਏ ਦੇਖਣ ਵਿਚ ਆ ਰਹੇ ਹਨ ਜੋ 'ਸੁਧੁ' ਅੱਖਰ ਨੂੰ ਬੋਲੋੜਾ ਸਮਝ ਕੇ ਜਾਂ ਅਨਭੋਲ ਹੀ ਉਚਾਰਨ ਕਰਨ ਨੂੰ ਬੋਝ ਸਮਝਦੇ ਹਨ। ਹਰਿਮੰਦਰ ਸਾਹਿਬ ਅੰਮ੍ਰਿਤਸਰ ਸਾਹਿਬ ਵਿਚ ਭੀ ਕੁਝ ਕੀਰਤਨੀਏ, ਟੀ.ਵੀ ਤੇ ਦੇਖਣ ਵਿਚ ਆਏ ਹਨ, ਜੋ ਸਮਾਪਤੀ ਤੇ 'ਸੁਧੁ' ਅੱਖਰ ਉਚਾਰਨ ਤੋਂ ਪਰਹੇਜ਼ ਕਰਦੇ ਹਨ ਜਾਂ ਸ਼ਰਮਾਉਂਦੇ ਹਨ। ਪਰ ਬਹੁਤੇ, ਜਿਵੇਂ ਭਾਈ ਜਸਵੰਤ ਸਿੰਘ ਜੀ ਜਾਂ ਭਾਈ ਬਖਸ਼ੀਸ਼ ਸਿੰਘ ਜੀ ਦੇ ਸਾਥੀਆਂ ਦਾ ਜੱਥਾ ਬੜੇ ਫਖਰ ਨਾਲ 'ਸੁਧੁ' ਉਚਾਰਦੇ ਹਨ। ਤਬਲੇ ਦੀ ਥਾਪ ਜਾਂ ਗੁਰ ਉਤੇ ਸਪਸ਼ਟਤਾ ਨਾਲ "ਸੋ ਕਰੇ ਜਿ ਤਿਸੈ ਰਜਾਇ ॥ ਸੁਧੁ ॥" ਬੋਲਦੇ ਹਨ।

ਕੁਝ ਬੁਧੀ ਜੀਵਾਂ ਦਾ ਵਿਚਾਰ ਹੈ ਕਿ ਪੰਚਮ ਪਾਤਸ਼ਾਹ ਨੇ ਜਦੋਂ ਵੀ ਸਲੋਕਾਂ ਸਹਿਤ ਰਾਗਾਂ ਦੀਆਂ ਵਾਰਾਂ ਦੀ ਬਾਣੀ ਭਾਈ ਗੁਰਦਾਸ ਜੀ ਤੋਂ ਲਿਖਵਾਈ ਤਾਂ ਮਗਰੋਂ ਸਲੋਕਾਂ ਦੇ ਮਹਲਿਆਂ ਦੇ ਨੰਬਰਾਂ (ਮਹਲਾ ਪਹਿਲਾ, ਦੂਜਾ, ਤੀਜਾ, ਚੌਥਾ ਆਦਿ) ਦੀ ਜਾਂਚ ਕੀਤੀ। ਇਨ੍ਹਾ ਨੂੰ ਠੀਕ ਲਿਖਿਆ ਦੇਖ ਕੇ, ਅੰਤ ਵਿਚ ਇਨ੍ਹਾਂ ਦੇ ਦਰੁਸਤ ਹੋਣ ਦੀ ਮਨਜ਼ੂਰੀ ਦੇਣ ਲਈ ਮਾਰਜਿਨ ਵਿਚ

'ਸੁਧੁ' ਲਿਖ ਦਿੱਤਾ। ਪਰ ਇਹ ਕਹਿਣਾ ਕਿ ਹੁਣ ਇਸ ਦੇ ਉਚਾਰਨ ਦੀ ਲੋੜ ਨਹੀ, ਉਚਿਤ ਨਹੀ ਹੈ। ਸੁਨਣ ਵਿਚ ਆਉਂਦਾ ਹੈ ਕਰਤਾਰਪੁਰ ਵਾਲੀ ਬੀੜ ਵਿਚ ਨਈ ਮੰਗਲਾ ਚਰਨ ਭੀ ਮੁਖ ਲਿਖਤ ਤੋਂ ਬਾਹਰ ਹਾਸ਼ੀਏ ਦੇ ਖੱਬੇ ਜਾਂ ਸੱਜੇ ਪਾਸੇ ਹੀ ਲਿਖੇ ਹੋਏ ਹਨ। ਹੁਣ ਅਸੀ ਉਨ੍ਹਾਂ ਮੰਗਲਾਂ ਨੂੰ ਛਡ ਦਿੱਤਾ ਹੈ? ਨਹੀ, ਬਿਲਕੁਲ ਨਹੀ । ਸੋ 'ਸੁਧੁ' ਨੂੰ ਕਿਵੇਂ ਛਡ ਸਕਦੇ ਹਾਂ। 'ਸੁਧੁ' ਅਖਰ ਦੇ ਅਰਥਾਂ ਦਾ ਇਤਿਹਾਸਕ ਪੱਖ ਕੀ ਹੈ, ਇਹ ਖੋਜੀਆਂ ਦਾ ਵਿਸ਼ਾ ਹੈ। ਉਹ ਖੋਜ ਕਰੀ ਜਾਣ। ਉਨ੍ਹਾਂ ਨੂੰ ਮੁਬਾਰਕ ਹੈ। ਅਸੀ ਤਾਂ ਗਲ ਵਿਰਸੇ ਦੀ ਤੇ ਸਿਦਕ ਦੀ ਕਰ ਰਹੇ ਹਾਂ। 'ਸੁਧੁ' ਅਖੱਰ ਬਾਰੇ ਵਿਚਾਰ ਕਰਦੇ ਹੋਏ, ਪੰਥ ਦੇ ਸਤਿਕਾਰ ਯੋਗ ਗਿਆਨੀ ਹਰਬੰਸ ਸਿੰਘ ਜੀ ਨੇ ਆਪਣੀ ਪੁਸਤਕ "ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਰਸ਼ਣ ਨਿਰਣੈ" ਵਿਚ ਪੰਨਾਂ ੬੧/੭੨੮ ਤੇ ਇਕ ਸਿਦਕ ਭਰਿਆ ਵਡਮੁਲਾ ਖਿਆਲ ਪੰਥ ਨਾਲ ਸਾਂਝਾ ਕੀਤਾ ਹੈ। ਉਹ ਲਿਖਦੇ ਹਨ "ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪੂਰਨਤਾ ਨਾਲ ਜੋ ਬਾਣੀ ਪਰਕਾਸ਼ਮਾਨ ਹੋਈ ਹੈ ਉਸ ਉਤੇ ਕਿਸੇ ਪ੍ਰਕਾਰ ਦੀ ਕਿੰਤੂ ਕਰਨੀ ਅਣਹੋਂਦਾ ਅਜਗਰ ਭਾਰ ਉਠਾਉਂਣ ਵਾਲੀ ਗਲ ਹੈ ਕਿਉਂਕਿ ਜੇ ਗੁਰੂ ਤੇ ਹੀ ਸ਼ੰਕਾ ਹੋਣੀ ਆਰੰਭ ਹੋ ਜਾਏ ਤਾਂ ਜਗਿਆਸੂ ਕੋਈ ਲਾਭ ਪ੍ਰਾਪਤ ਨਹੀ ਕਰ ਸਕਦਾ।----ਸੋ ਢਾਡੀ ਬਣਕੇ ਪ੍ਰਭੂ ਦਾ ਜਸ ਗਾਉਣਾ, ਉਸ ਵਿਚ ਮਗਨ ਰਹਿਣਾ ਹੀ ਆਤਮਕ ਅਨੰਦ ਦਾ ਪ੍ਰਤੀਕ ਹੈ - 'ਨਾਨਕ ਹਰਿ ਕੀਰਤਨੁ ਕਰਿ ਅਟਲ ਏਹੁ ਧਰਮ॥' "

ਮੇਰਾ ਇਹ ਲੇਖ ਲਿਖਣ ਦਾ ਪ੍ਰਯੋਜਨ ਕੇਵਲ ਇਹ ਹੈ ਕਿ ਅਸੀ ਕਿਧਰੇ 'ਸੋ ਕਰੇ ਜਿ ਤਿਸੈ ਰਜਾਇ' ਤੋਂ ਬਾਅਦ ਆਏ 'ਸੁਧੁ' ਅੱਖਰ ਦਾ ਉਚਾਰਨ ਬੰਦ ਨਾ ਕਰ ਦਈਏ। ਇਸ ਦਾ ਪੜ੍ਹਨਾ ਸਦੀਆਂ ਤੋਂ ਸਾਡੇ ਵਿਰਸੇ ਵਿਚ ਹੈ। ਜੇ ਇਸ ਦੇ 'ਨਾਹੀ ਪੜ੍ਹਨ' ਦੀ ਨਵੀਂ ਪਰੰਪਰਾ ਚਲ ਪਈ ਤਾਂ "ਪੂਰੇ ਕਾ ਕੀਆ ਸਭ ਕਿਛੁ ਪੂਰਾ ਘਟਿ ਵਧਿ ਕਿਛੁ ਨਾਹੀ ॥" ਦੀ ਉਲੰਘਣਾ ਹੋਵੇਗੀ। ਇਸ ਦੀ ਉਲੰਘਣਾ ਦੀ ਜ਼ਿੰਮੇਵਾਰੀ ਅੱਜ ਦੀ ਪੀੜ੍ਹੀ ਦੇ ਉਨ੍ਹਾਂ ਕੀਰਤਨੀਆਂ ਜਾਂ ਪ੍ਰਚਾਰਕਾਂ ਦੀ ਹੋਵੇਗੀ ਜਿਨਾਂ ਨੇ ਇਸ ਚਲ ਰਹੇ ਵਿਰਸੇ ਤੇ ਪਹਿਰਾ ਨਹੀ ਦਿੱਤਾ। ਲੇਖਕ ਇਹ ਲੇਖ ਲਿਖ ਕੇ ਆਪਣੀ ਸਮਝ ਅਨੁਸਾਰ ੭੫ ਸਾਲ ਦੀ ਉਮਰ ਵਿਚ ਆਪਣੀ ਜ਼ਿੰਮੇਵਾਰੀ ਨਿਭਾਅ ਚਲਿਆ ਹੈ।

'ਸੁਧੁ' ਸ਼ਬਦ ਨੂੰ ਮਨ-ਮਰਜ਼ੀ ਨਾਲ ਉਚਾਰਨ ਜਾਂ ਨਾਂ-ਉਚਾਰਨ ਦੀ ਖੁਲ੍ਹ ਦੇਣੀ ਉਚਿਤ ਨਹੀ ਹੈ। ਜੇ ਇਸ ਗਲ ਨੂੰ ਨਜ਼ਰ ਅੰਦਾਜ਼ ਕਰ ਦਿੱਤਾ ਤਾਂ (ਬੇਅਦਬੀ ਤੋਂ ਛੁਟ) ਹੋਰ ਵੀ ਕਈ ਪਾਠਾਂ ਦਾ ਪੜ੍ਹਨਾਂ ਜਾਂ ਨਾ-ਪੜਨ ਵਾਲੀਆਂ ਗੁੰਝਲਾਂ ਪੈਣ ਦਾ ਡਰ ਹੋ ਸਕਦਾ ਹੈ।

ਸੋ ਨਿਮਰਤਾ ਸਹਿਤ ਬੇਨਤੀ ਹੈ ਕਿ ਆਸਾ ਦੀ ਵਾਰ ਦੇ ਕੀਰਤਨੀਆਂ ਨੂੰ ਪੁਰਜ਼ੋਰ (ਹੁਕਮਨ ਹੀ) ਇਹ ਆਦੇਸ਼ ਹੋਣਾ ਚਾਹੀਦਾ ਹੈ ਕਿ 'ਸੋ ਕਰੇ ਜਿ ਤਿਸੈ ਰਜਾਇ' ਉਪਰੰਤ 'ਸੁਧੁ' ਭੀ ਪੜ੍ਹਿਆ ਕਰਨ। ਇਸ ਦਾ ਉਚਾਰਨ ਸਾਡਾ ਗੌਰਵ ਮਈ ਵਿਰਸਾ ਹੈ।

# 11) ਜਿਨ੍ਹਾਂ ਗੁਰਦੁਆਰਿਆਂ ਗੁਰਧਾਮਾਂ ਤੋਂ ਪੰਥ ਵਿਛੜ ਗਿਆ

੧੫ ਅਗਸਤ ੧੯੪੭ ਵਿਚ, ਦੇਸ਼ ਦੇ ਬਟਵਾਰੇ ਸਮੇਂ, ਸਿੱਖ ਕੌਮ ਦੇ ਹਜ਼ਾਰਾਂ ਗੁਰਧਾਮ / ਗੁਰਦੁਆਰੇ ਪਾਕਿਸਤਾਨ ਵਿਚ ਰਹਿ ਗਏ। ਇਨ੍ਹਾਂ ਵਿਚੋਂ ਬਹੁਤ ਸਾਰੇ ਗੁਰਧਾਮ ਵਿਸ਼ੇਸ਼ ਧਾਰਮਿਕ ਮਹੱਤਤਾ ਵੀ ਰੱਖਦੇ ਹਨ। ਇਨ੍ਹਾਂ ਵਿਸ਼ੇਸ਼ ਧਾਰਮਿਕ ਗੁਰ-ਦੁਆਰਿਆਂ ਵਿੱਚੋ, ਸਾਹਿਬ ਸ੍ਰੀ ਗੁਰੂ ਨਾਨਕ ਦੇਵ ਵੀ ਦੇ ਅਵਤਾਰ ਧਾਰਨ ਦਾ 'ਜਨਮ ਅਸਥਾਨ' ਵੀ ਹੈ। ਇਸ ਕਾਰਨ ਇਸ ਨਗਰ ਦਾ ਨਾਮ ਹੀ 'ਨਨਕਾਣਾ ਸਾਹਿਬ' ਪ੍ਰਚਲਿਤ ਹੋ ਗਿਆ ਹੈ। ਇਸ ਨਗਰ ਵਿੱਚ ਉਹ ਅਸਥਾਨ ਵੀ ਹੈ ਜਿਥੇ ਉਹ ਆਪਣੇ ਹਾਣੀਆਂ ਨਾਲ ਖੇਡਦੇ ਰਹੇ ਹਨ। ਇਸ ਅਸਥਾਨ ਤੇ ਬਣੇ ਗੁਰਦੁਆਰੇ ਦਾ ਨਾਮ 'ਗੁਰਦੁਆਰਾ ਬਾਲ ਲੀਲਾ' ਹੈ। ਇਕ ਹੋਰ ਗੁਰ-ਦੁਆਰਾ ਪੱਟੀ ਸਾਹਿਬ ਦੇ ਨਾਮ ਦਾ ਹੈ ਜਿਥੇ ਸਾਹਿਬਾਂ ਨੇ ਪਾਂਧੇ ਪਾਸ ਬੈਠ ਕੇ ਪੱਟੀ ਲਿਖੀ ਸੀ; ਉਸ ਲਿਖਤ ਦੀ ਵਰਣਮਾਲਾ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਹੈ। ਉਹ ਅਸਥਾਨ ਜਿਥੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮਝਾਂ ਚਾਰੀਆਂ ਸਨ, ਗੁਰਦੁਆਰਾ ਕਿਆਰਾ ਸਾਹਿਬ ਹੈ। ਇਸ ਧਰਤੀ ਤੇ ਗੁਰੂ ਸਾਹਿਬ ਜੀ ਨੇ ਇਕ ਜੱਟ ਦੇ ਉਝੜੇ ਹੋਏ ਖੇਤ ਨੂੰ ਹਰਿਆ- ਭਰਿਆ ਕਰ ਦਿੱਤਾ ਸੀ। ਚੂਹੜ ਕਾਣੇ ਦੀ ਨਗਰੀ ਵਿਚ ਭੁਖੇ ਸਾਧੂਆਂ ਨੂੰ ਭੋਜਨ ਛਕਾ ਕੇ ਸਿੱਖ ਧਰਮ ਵਿਚ ਸੱਚਾ ਸੌਦਾ ਕਰਨ ਦੀ ਨੀਂਹ ਰੱਖੀ ਸੀ; ਚੂਹੜਕਾਣੇ ਦੇ ਵਿਚ ਇਸ ਜਗ੍ਹਾ ਤੇ 'ਗੁਰਦੁਆਰਾ ਸੱਚਾ ਸੌਦਾ' ਹੈ। ਸੱਚਾ ਸੌਦਾ ਕਰਨ ਉਪਰੰਤ ਸ੍ਰੀ ਗੁਰੂ ਨਾਨਕ ਦੇਵ ਜੀ ਘਰੋਂ ਬਾਹਰ ਇਕ ਥਾਂ ਤੇ ਲੁਕ ਬੈਠੇ ਤਾਂ ਜੋ ਪਿਤਾ ਜੀ ਕਰੋਧ ਵਿਚ ਨਾ ਆ ਜਾਣ। ਇਸ ਲੁਕ ਬੈਠਣ ਵਾਲੀ ਥਾਂ ਤੇ ਇਸ ਦੀ ਯਾਦ ਵਿਚ ਬਣੇ ਗੁਰਦੁਆਰੇ ਦਾ ਨਾਮ 'ਗੁਰਦੁਆਰਾ ਤੰਬੂ ਸਾਹਿਬ' ਹੈ। ਨਨਕਾਣਾ ਸਾਹਿਬ ਵਿਚ ਇਕ ਗੁਰਦੁਆਰਾ ਛੇਵੀਂ ਪਾਤਸ਼ਾਹੀ ਸਾਹਿਬ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੀ ਯਾਦ ਵਿਚ ਹੈ, ਜਿਥੇ ਕਿ ਪਾਤਸ਼ਾਹ ਨੇ ਕਸ਼ਮੀਰ ਤੋਂ ਵਾਪਸੀ ਤੇ ਨਨਕਾਣਾ ਸਾਹਿਬ ਦੀ ਯਾਤਰਾ ਕੀਤੀ ਸੀ। ਨਨਕਾਣਾ ਸਾਹਿਬ ਦੇ ਇਹ ਸਭ ਗੁਰਦੁਆਰੇ ਪਾਕਿਸਤਾਨ ਦੇ ਜ਼ਿਲ੍ਹਾ ਸ਼ੇਖੂਪੁਰਾ ਵਿਚ ਹਨ।

ਪਾਕਿਸਤਾਨ ਵਿਚ, ਅਨੇਕਾਂ ਹੋਰ ਐਸੇ ਗੁਰਧਾਮ ਹਨ ਜਿਨ੍ਹਾਂ ਦਾ ਵਿਛੋੜਾ ਸਿੱਖ ਕੌਮ ਲਈ ਅਸਹਿ ਹੈ। ਭਾਈ ਲਾਲੋ ਜੀ ਦਾ ਗੁਰਦੁਆਰਾ ਐਮਨਾਬਾਦ ਜ਼ਿਲ੍ਹਾ ਗੁਜਰਾਂਵਾਲਾ (ਪਾਕਿਸਤਾਨ) ਵਿਚ ਹੈ; ਇੱਥੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਭਾਈ ਲਾਲੋ ਦੀ ਸੁੱਕੀ ਰੋਟੀ ਵਿਚੋਂ ਦੁੱਧ ਤੇ ਮਲਕ ਭਾਗੋ ਦੇ ਮਾਹਲ ਪੂੜਿਆਂ ਵਿਚੋਂ ਲਹੂ ਕੱਢ ਕੇ ਦਸਾਂ ਨਹੁੰਆਂ ਦੀ ਕਿਰਤ ਦੀ ਮਹਿਮਾ ਦੱਸੀ। ਇਸੇ ਐਮਨਾਬਾਦ ਦੀ ਧਰਤੀ ਤੇ ਗੁਰਦੁਆਰਾ ਰੋੜੀ ਸਾਹਿਬ ਹੈ ਜਿਥੇ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਘੋਰ ਤੱਪਸਿਆ ਕੀਤੀ ਸੀ ("...ਰੋੜਾਂ ਕੀ ਗੁਰ ਕਰੀ ਵਿਛਾਈ॥")। ਸਿਆਲਕੋਟ ਸ਼ਹਿਰ ਵਿਚ ਗੁਰਦੁਆਰਾ ਬੇਰ ਸਾਹਿਬ ਹੈ। ਇਥੇ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਕ ਫਕੀਰ ਨੂੰ ਸੁਮੱਤ ਬਖਸ਼ੀ ਸੀ। ਉਸ ਦਾ ਨਾਮ ਪੀਰ ਹਮਜ਼ਾ ਗੋਸ਼ ਸੀ। ਸ਼ਹਿਰ ਦੇ ਕਿਸੇ ਪਰਿਵਾਰ ਦੇ ਘਰ ਪੀਰ ਦੇ ਵਰ ਨਾਲ ਇਕ ਲੜਕਾ ਜਨਮਿਆਂ ਸੀ ਜੋ ਉਨ੍ਹਾਂ ਨੇ ਪੀਰ ਨੂੰ ਚੜ੍ਹਾਉਣ ਵਾਸਤੇ ਮੰਨਿਆ ਹੋਇਆ ਸੀ। ਮੋਹ ਦੇ ਜ਼ੋਰ ਕਾਰਨ ਉਸ ਬੱਚੇ ਦੇ ਮਾਪੇ ਹੁਣ ਆਪਣਾ ਲੜਕਾ ਪੀਰ ਨੂੰ ਦੇਣ ਤੋਂ ਮੁਕਰ ਗਏ ਸਨ। ਫਕੀਰ ਕਰੋਧ ਵਿਚ ਸੀ। ਉਸਨੇ ਸਾਰੇ ਸਿਆਲਕੋਟ ਸ਼ਹਿਰ ਨੂੰ ਗਰਕ ਕਰਨ ਦੀ ਠਾਣ ਲਈ ਸੀ। ਹੁਣ ਉਹ ਇਕ ਐਸੇ ਗੁਬੰਧ ਜਿਸ ਵਿਚ ਕਿ ਸੂਰਜ ਦੀ ਰੋਸ਼ਨੀ ਨਹੀ ਸੀ ਪੁੱਜਦੀ ਤਪ ਕਰਨ ਹਿਤ ਬੈਠ ਗਿਆ। ਫਕੀਰ ਨੇ ਇਹ ਤਪ ੪੦ ਦਿਨ ਕਰਨਾ ਸੀ। ਫਿਰ ਇਹ ਚਲੀਹੇ ਦੇ ਬਲ ਨਾਲ ਸਾਰੇ ਸ਼ਹਿਰ ਨੂੰ ਗਰਕ ਕਰਨ ਦੀ ਠਾਣੀ ਹੋਈ ਸੀ। ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਦਿਬ ਦ੍ਰਿਸ਼ਟੀ ਨਾਲ ਫਕੀਰ ਦੀ ਗੁੰਬਦ ਵਿਚ ਤ੍ਰੇੜ ਆ ਗਈ ਸੀ। ਸੂਰਜ ਦੀ ਰੋਸ਼ਨੀ ਗੁੰਬਦ ਵਿਚ ਅੰਦਰ ਪੁੱਜ ਗਈ ਤੇ ਹਮਜ਼ਾ ਗੋਸ਼ ਦਾ ਚਲੀਹਾ ਭੰਗ ਹੋ ਗਿਆ ਸੀ। ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਉਸ ਨੂੰ ਸੁਮੱਤ ਬਖਸ਼ੀ ਤੇ ਇੰਜ ਹਮਜ਼ਾ ਗੋਸ਼ ਦਾ ਹੰਕਾਰ ਤੋੜ ਕੇ ਸਿੱਧੇ ਰਸਤੇ ਪਾਇਆ ਸੀ। ਇਥੇ ਇਕ ਇਤਿਹਾਸਕ ਬੇਰੀ ਵੀ ਮੌਜੂਦ ਹੈ ਤੇ ਗੁਰਦੁਆਰਾ ਸਾਹਿਬ ਦਾ ਨਾਮ ਬੇਰ ਸਾਹਿਬ ਹੈ।

ਸਿੱਖ ਕੌਮ ਦਾ ਇਕ ਵਿਸ਼ੇਸ਼ ਧਾਰਮਿਕ ਅਸਥਾਨ ਜੋ ਪਾਕਿਸਪਾਨ ਵਿਚ ਰਹਿ ਗਿਆ ਹੈ ਉਹ 'ਗੁਰਦੁਆਰਾ ਸ੍ਰੀ ਪੰਜਾ ਸਾਹਿਬ' ਹੈ। ਇੱਥੇ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਕ ਵਲੀ ਕੰਧਾਰੀ ਨਾਮੀ ਕਰਾਮਾਤੀ ਦਾ ਹੰਕਾਰ ਤੋੜਿਆ ਸੀ। ਵਲੀ ਨੇ ਆਪਣੇ ਤੱਪ ਨਾਲ ਇਲਾਕੇ ਦਾ ਪਾਣੀ ਆਪਣੀ ਰਹਿਣ ਵਾਲੀ ਇਕ ਪਹਾੜੀ ਦੀ ਚੋਟੀ ਤੇ ਇਕੱਠਾ ਕਰ ਰਖਿਆ ਸੀ। ਉਸ ਪਾਸੋਂ ਭਾਈ ਮਰਦਾਨਾ ਜੀ ਨੇ ਪੀਣ ਵਾਸਤੇ ਪਾਣੀ ਮੰਗਿਆ ਤਾਂ ਵਲੀ ਨੇ ਨਾਂਹ ਕਰ ਦਿੱਤੀ। ਸਾਹਿਬਾਂ ਨੇ ਵਲੀ ਦਾ ਸਾਰਾ ਪਾਣੀ ਖਿੱਚ ਲਿਆ। ਜਿਸ ਤੇ ਇਕ ਵੱਡਾ ਪੱਥਰ ਵਲੀ ਕੰਧਾਰੀ ਨੇ ਪਹਾੜੀ ਦੇ ਹੇਠਾਂ ਬੈਠੇ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਵੱਲ ਰੋੜ੍ਹਿਆ। ਸਾਹਿਬਾਂ ਨੇ ਉਸ ਪੱਥਰ ਨੂੰ ਹੱਥ ਦੇ ਪੰਜੇ ਨਾਲ ਰੋਕ ਦਿੱਤਾ ਅਤੇ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪੰਜੇ ਦਾ ਨਿਸ਼ਾਨ ਉਸ ਪੱਥਰ ਤੇ ਉਭਰ ਆਇਆ। ਇਸ ਗੁਰਦੁਆਰੇ ਵਿਚ ਪੰਜੇ ਵਾਲੀ ਸਿਲ ਮੌਜੂਦ ਹੈ।

ਗੁਰਦੁਆਰਾ ਸ੍ਰੀ ਚੱਕੀ ਸਾਹਿਬ ਐਮਨਾਬਾਦ (ਗੁਜਰਾਂਵਾਲਾ) ਵਿਚ ਉਹ ਅਸਥਾਨ ਹੈ ਜਿੱਥੇ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮੁਗਲ ਬਾਦਸ਼ਾਹ ਬਾਬਰ ਦੀ ਜੇਲ੍ਹ ਵਿਚ ਚੱਕੀ ਪੀਸੀ ਸੀ ਤੇ ਬਾਬਰ ਨੂੰ ਮੁਖਾਤਬ ਕਰਕੇ

*"ਏਤੀ ਮਾਰ ਪਈ ਕਰਲਾਣੇ ਤੈਂ ਕੀ ਦਰਦੁ ਨ ਆਇਆ॥"*

ਦਾ ਸ਼ਬਦ ਉਚਾਰਨ ਕੀਤਾ ਸੀ।

ਲਾਹੌਰ ਸ਼ਹਿਰ ਵਿਚ ਚੌਥੀ ਪਾਤਸ਼ਾਹੀ ਸ੍ਰੀ ਗੁਰੂ ਰਾਮਦਾਸ ਜੀ ਦਾ ਜਨਮ ਅਸਥਾਨ ਹੈ। ਇਹ ਗੁਰਦੁਆਰਾ ਚੂਨਾ ਮੰਡੀ ਵਿਚ ਸਥਾਪਿਤ ਸੀ। ਗੁਰੂ ਸਾਹਿਬ ਦੇ ਆਪਣੇ ਘਰ ਵਾਲਾ ਅਸਥਾਨ ਪੰਚਮ ਪਾਤਸ਼ਾਹ ਜਿੱਥੇ ਜਾ ਕੇ ਰਿਹਾ ਕਰਦੇ ਸਨ ਉਥੇ ਗੁਰ-ਦੁਆਰਿਆਂ ਦੇ ਨਿਸ਼ਾਨ ਸਨ ਜੋ ਅੱਜਕਲ (ਸੁਣਿਆ ਹੈ) ਕਿ ਅਣਗਹਿਲੀ ਕਾਰਨ ਖੰਡਰਾਂ ਦਾ ਰੂਪ ਧਾਰਨ ਕਰ ਚੁੱਕੇ ਹਨ। ਭਾਈ ਤਾਰੂ ਸਿੰਘ ਜੀ ਸ਼ਹੀਦ, ਜਿੰਨ੍ਹਾਂ ਨੇ ਸਿਰ ਦੀ ਖੋਪੜੀ ਲੁਹਾ ਲਈ ਸੀ ਪਰ ਕੇਸ ਕਤਲ ਨਹੀ ਸੀ ਹੋਣ ਦਿਤੇ। ਉਨ੍ਹਾਂ ਦਾ ਇਕ ਸ਼ਹੀਦੀ ਗੁਰਦੁਆਰਾ ਵੀ ਲਾਹੌਰ ਵਿਚ ਹੈ। ਉਹ ਅਸਥਾਨ ਜਿੱਥੇ ਮੀਰ ਮੰਨੂ ਨੇ ਕੈਦ ਕੀਤੀਆਂ ਸਿੰਘਣੀਆਂ ਦੇ ਬੱਚਿਆਂ ਦੇ ਟੁਕੜੇ ਟੁਕੜੇ ਕਰਾ ਕੇ ਉਨ੍ਹਾਂ ਟੁਕੜਿਆਂ ਦੇ ਹਾਰ ਪਰੋਕੇ ਉਨ੍ਹਾਂ ਸਿਦਕੀ ਮਾਤਾਵਾਂ ਦੇ ਗਲਾਂ ਵਿਚ ਪਵਾ ਦਿਤੇ ਸਨ। ਇਨ੍ਹਾਂ ਕੈਦੀ ਸਿੰਘਣੀਆਂ ਨੇ ਸਵਾ ਸਵਾ ਮਣ ਚੱਕੀ ਦਾ ਆਟਾ ਪੀਸ ਕੇ; ਚੱਪਾ ਚੱਪਾ ਰੋਟੀ ਤੇ ਗੁਜ਼ਾਰਾ ਕੀਤਾ ਸੀ ਪਰ ਸਿੱਖੀ ਧਰਮ ਤੋ ਸਿਦਕ ਨਹੀਂ ਹਾਰਿਆ ਸੀ; ਇਸ ਅਸਥਾਨ ਤੇ ਉਸਰੇ ਗੁਰਦੁਆਰੇ ਸ਼ਹੀਦ ਸਿੰਘਣੀਆਂ ਦਾ ਵੀ ਲਾਹੌਰ ਸ਼ਹਿਰ ਵਿਚ ਹੀ ਹੈ।

ਛੇਵੀਂ ਪਾਤਸ਼ਾਹੀ ਦਾ ਇਕ ਗੁਰਦੁਆਰਾ ਮੁਜ਼ੰਗ, ਲਾਹੌਰ ਵਿਚ ਹੀ ਹੈ। ਇਸ ਅਸਥਾਨ ਤੋ ਸਾਈਂ ਮੀਆ ਮੀਰ ਜੀ (ਜਿਨ੍ਹਾਂ ਪਾਸੋਂ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੀ ਨੀਂਹ ਰਖਵਾਈ ਸੀ) ਦੇ ਕਹਿਣ ਤੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਮਾਤਾ ਕੌਲਾਂ ਨੂੰ ਹਰਿਮੰਦਰ ਸਾਹਿਬ ਲਿਆਏ ਸਨ। ਸਾਹਿਬ ਸ੍ਰੀ ਸਤਿਗੁਰੂ ਅਰਜਨ ਦੇਵ ਜੀ ਦੇ ਜੋਤੀ ਜੋਤ ਸਮਾਣ ਦੇ ਗੁਰਦੁਆਰੇ ਦਾ ਨਾਮ 'ਗੁਰਦੁਆਰਾ ਡੇਹਰਾ ਸਾਹਿਬ' ਲਾਹੌਰ ਸ਼ਹਿਰ ਵਿਚ ਹੈ। ਇੱਥੇ ਸਾਹਿਬ ਨੇ ਜ਼ਬਰ ਦਾ ਮੁਕਾਬਲਾ ਸਬਰ ਨਾਲ ਕਰਦਿਆਂ ਸ਼ਹਾਦਤ ਪ੍ਰਾਪਤ ਕੀਤੀ ਸੀ। ਗੁਰੂ ਸਾਹਿਬ ਨੂੰ 'ਸ਼ਹੀਦਾਂ ਦੇ ਸਿਰਤਾਜ' ਕਹਿੰਦੇ ਯਾਦ ਕਰਦੀ ਸਿੱਖ ਕੌਮ ਦਾ ਇਹ ਪਵਿੱਤਰ ਅਸਥਾਨ ਵੀ ਪਾਕਿਸਤਾਨ ਵਿਚ ਰਹਿ ਗਿਆ ਹੈ। ਭਾਈ ਜੋਗਾ ਸਿੰਘ ਦਸਮ ਪਾਤਿਸ਼ਾਹ ਦਾ ਇਕ ਸਿਦਕੀ ਸਿੱਖ ਹੋਇਆ ਹੈ ਅਤੇ ਇਸ ਦੇ ਮਾਤਾ ਪਿਤਾ ਪਿਸ਼ਾਵਰ ਦੇ ਰਹਿਣ ਵਾਲੇ ਸਨ। ਪਿਸ਼ਾਵਰ ਵਿਚ ਇਕ ਗੁਰਦੁਆਰਾ ਭਾਈ ਜੋਗਾ ਸਿੰਘ ਜੀ ਦਾ ਹੈ। ਇਸ ਅਸਥਾਨ ਤੇ ਭਾਈ ਜੋਗਾ ਸਿੰਘ ਜੀ ਦੀ ਸ਼ਾਦੀ ਹੋ ਰਹੀ ਸੀ ਤੇ ਦਸਮ ਪਾਤਸ਼ਾਹ ਜੀ ਦਾ ਹੁਕਮ ਮਿਲਣ ਤੇ ਉਹ ਹੋ ਰਹੀਆਂ ਲਾਵਾਂ ਨੂੰ ਵਿਚੇ ਛੱਡਕੇ ਹੀ ਗੁਰੂ ਸਾਹਿਬ ਵੱਲ ਅਨੰਦਪੁਰ ਸਾਹਿਬ ਤੁਰ ਪਏ ਸਨ। ਫਰੰਟੀਅਰ ਦੇ ਇਲਾਕੇ ਵਿਚ ਗੁਰਦੁਆਰਾ ਭਾਈ ਜੋਗਾ ਸਿੰਘ ਦਾ ਗੁਰਦੁਆਰਾ ਬਹੁਤ ਮਹਾਨਤਾ ਰੱਖਦਾ ਸੀ। ਸਤਿਗੁਰੂ ਨਾਨਕ ਦੇਵ ਜੀ ਦੇ ਜੋਤੀ ਜੋਤ ਸਮਾਉਣ ਵਾਲੇ ਅਸਥਾਨ ਤੇ ਬਣਿਆ 'ਗੁਰਦੁਆਰਾ ਕਰਤਾਰਪੁਰ' ਪਾਕਿਸਤਾਨ ਵਿਚ ਹੈ। ਇਹ ਗੁਰਦੁਆਰਾ ਜ਼ਿਲ੍ਹਾ ਗੁਰਦਾਸਪੁਰ ਦੇ ਲਾਗਿਓਂ ਲੰਘ ਰਿਹਾ ਰਾਵੀ ਦਰਿਆ ਦੇ ਪੂਰਬੀ ਕੰਢੇ ਤੇ ਖਲੋ ਕੇ ਪਾਕਿਸਤਾਨ ਵਿਚ ਦਰਿਆ ਦੇ ਪੱਛਮੀ ਕੰਢੇ ਤੇ ਨਜ਼ਰ ਆਉਂਦਾ ਹੈ। ਇਨ੍ਹਾਂ ਗੁਰਧਾਮਾਂ ਤੋਂ ਛੁੱਟ ਸਿੱਖ ਰਾਜ ਤੋਂ ਪਹਿਲਾਂ, ਸਿੱਖ ਰਾਜ ਦੌਰਾਨ ਅਤੇ ਮਗਰੋਂ ਬਣੀਆਂ ਐਸੀਆਂ ਯਾਦਗਾਰਾਂ ਹਨ ਜੋ ਕੌਮ ਨੂੰ ਪ੍ਰਾਣਾਂ ਵਾਂਗ ਪਿਆਰਦੀਆਂ ਹਨ। ਸਾਰਿਆਂ ਦਾ ਇੱਥੇ ਵਰਣਨ ਕਰਨਾ ਔਖਾ ਹੈ, ਵੰਨਗੀ ਮਾਤਰ ਕੁਝ ਕੁ ਦੀ ਯਾਦ ਸਾਂਝੀ ਕਰਦੇ ਹਾਂ।

ਗੁਜਰਾਂਵਾਲਾ ਵਿਚ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦਾ ਜਨਮ ਅਸਥਾਨ ਅਤੇ ਲਾਹੌਰ ਵਿਚ ਉਨ੍ਹਾਂ ਦੀ ਆਪਣੀ ਸਮਾਧੀ ਤੋਂ ਛੁਟ ਉਨ੍ਹਾਂ ਦੇ ਸ਼ਹਿਜ਼ਾਦੇ ਮਹਾਰਾਜਾ ਖੜਕ ਸਿੰਘ ਤੇ ਮਹਾਰਾਜਾ ਸ਼ੇਰ ਸਿੰਘ ਦੀਆਂ ਸਮਾਧਾਂ ਹਨ ਜਿੱਥੇ ਗੁਰਦੁਆਰਾ ਅਸਥਾਨ ਬਣਿਆ ਹੋਇਆ ਸੀ। ਸਿੱਖ ਕੌਮ ਨੂੰ ਬਾਬਾ ਫਰੀਦ ਜੀ ਦਾ ਅਸਥਾਨ ਸਾਈਂ ਮੀਰ ਤੇ ਰਾਏ ਬੁਲਾਰ ਜੀ ਦੀਆਂ ਯਾਦਾਂ ਉਨੀਆਂ ਹੀ ਪਿਆਰੀਆਂ ਹਨ ਜਿੰਨੀਆਂ ਪਾਕਿਸਤਾਨ ਵਿਚ ਵਸ ਰਹੇ ਮੁਸਲਮਾਨਾਂ ਨੂੰ। ਅਸੀ ਇਨ੍ਹਾਂ ਸਭ ਅਸਥਾਨ ਦੇ ਖੁੱਲੇ ਦਰਸ਼ਨ ਨਹੀ ਕਰ ਸਕਦੇ।

ਉਪਰੋਕਤ ਲਿਖੇ ਗੁਰਧਾਮ, ਗੁਰਦੁਆਰੇ ਆਦਿ ਜੋ ਪਾਕਿਸਤਾਨ ਵਿਚ ਰਹਿ ਗਏ, ਹਜ਼ਾਰਾਂ ਵਿਚ ਕੁਝ ਕੁ ਵੰਨਗੀ ਮਾਤਰ ਹੀ ਲਿਖੇ ਜਾ ਸਕੇ ਹਨ। ਇਨ੍ਹਾਂ ਤੋਂ ਛੁਟ ਹੋਰ ਅਨੇਕਾਂ ਯਾਦਗਾਰਾਂ ਹਨ ਜਿਨ੍ਹਾਂ ਤੋਂ ਸਿੱਖ ਪੰਥ ਵਿਛੜ ਚੁੱਕਾ ਹੈ। ਦੇਸ਼ ਦੇ ਬਟਵਾਰੇ ਸਮੇਂ ਸਾਡੇ ਆਗੂ ਆਪਣੀ ਬੇਵਸੀ, ਬੇਸਮਝੀ ਜਾਂ ਗੁਆਂਢੀ ਕੌਮਾਂ ਦੀ ਧੋਖੇਬਾਜ਼ੀ, ਆਪਣੀ ਨੇਕ ਨੀਤੀ ਜਾਂ ਅੰਗਰੇਜ਼ਾਂ ਦੀ ਚਾਲਬਾਜ਼ੀ ਨਾਲ ਅਸੀ ਆਪਣੇ ਜੋ ਗੁਰਧਾਮ, ਗੁਰਦੁਆਰੇ ਯਾਦਾਂ ਆਦਿ ਪਾਕਿਸਤਾਨ ਵਿਚ ਛੱਡ ਆਏ ਹਾਂ, ਬਾਰੇ ਕੋਈ ਠੋਸ ਫੈਸਲਾ ਨਹੀ ਕਰ ਸਕੇ। ਪੰਥ ਪਾਸ ਹੁਣ ਅਕਾਲ ਪੁਰਖ ਅੱਗੇ ਅਰਦਾਸ ਬੇਨਤੀਆਂ ਹੀ ਹਨ ਕੇ ਸੱਚੇ ਪਾਤਸ਼ਾਹ ਐਸੇ ਢੋਅ ਬਣਾ ਦੇਣ ਜੋ ਇਨ੍ਹਾਂ ਗੁਰਧਾਮਾਂ ਤੋਂ ਵਿਛੜੇ ਪੰਥ ਨੂੰ ਮਿਲਾਪ ਦਾ ਸਮਾਂ ਪ੍ਰਾਪਤ ਹੋਵੇ। ਲਗਭਗ ਸੱਠ ਸਾਲਾਂ ਤੋਂ ਅਕਾਲ ਪੁਰਖ ਅੱਗੇ ਪੰਥਕ ਅਰਦਾਸਾਂ ਹੋ ਰਹੀਆਂ ਹਨ। “ ਹੇ ਅਕਾਲ ਪੁਰਖ ! ਆਪਣੇ ਪੰਥ ਦੇ ਸਹਾਈ ਦਾਤਾਰ ਜੀਓ। ਨਨਕਾਣਾ ਸਾਹਿਬ ਤੇ ਹੋਰ ਗੁਰਦੁਆਰਿਆਂ ਤੇ ਗੁਰਧਾਮਾਂ ਜਿਨ੍ਹਾਂ ਤੋਂ ਪੰਥ ਵਿਛੜ ਗਿਆ ਹੈ ਦੇ ਖੁੱਲੇ ਦਰਸ਼ਨ ਦੀਦਾਰ ਤੇ ਸੇਵਾ ਸੰਭਾਲ ਦਾ ਦਾਨ ਖਾਲਸਾ ਜੀ ਨੂੰ ਬਖਸ਼ੋ। ”

ਅਸੀ ਕੁਝ ਨਹੀਂ ਕਰ ਸਕਦੇ। ਅਕਾਲ ਪੁਰਖ ਅੱਗੇ ਬੇਨਤੀਆਂ ਅਰਜ਼ੋਈਆਂ ਹਨ ਕਿ ‘ਕੱਦ ਤਾਂ ਸੁਣੀ ਪੁਕਾਰ ਜੀਓ’ ਹੋ ਵਰਤੇ। ਇਨ੍ਹਾਂ ਦੇ ਮਿਲਾਪ ਦਾ ਕੋਈ ਢੋਅ ਬਣੇ।

# 12) ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਰੱਬੀ ਰਬਾਬ

ਭਾਈ ਸਾਹਿਬ ਭਾਈ ਵੀਰ ਸਿੰਘ ਜੀ ਲਿਖਦੇ ਹਨ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੀ ਰਬਾਬ ਨੂੰ ਆਪ ਵਿਉਂਤਿਆ ਤੇ ਤਿਆਰ ਕਰਵਾਇਆ ਸੀ। ਗੁਣੀ ਜਨਾਂ ਵਿਚ ਅਜੇ ਤੱਕ ਪ੍ਰਸਿੱਧ ਹੈ ਕਿ ਇਹ ਸਾਜ਼ ਨਾਨਕ ਸ਼ਾਹ ਫਕੀਰ ਨੂੰ ਅਰਸ਼ ਤੋਂ ਉਤਰਿਆ ਸੀ। ਅੱਜਕਲ ਦੇ ਰਬਾਬੀਆਂ ਦੀ ਰਬਾਬ ਨਾਲੋਂ ਇਹ ਸਾਜ਼ ਵਖਰਾ ਹੀ ਸੀ ਜਿਸ ਦੀਆਂ ਛੇ ਸਿਰੇ ਦੀਆਂ ਤਾਰਾਂ ਉੱਤੇ ਵਜੰਤ੍ਰੀ ਕੰਮ ਕਰਦਾ ਸੀ। ਇਸ ਦੀ ਵਿਉਂਤ ਅਤੇ ਵੱਜਣਾ ਕੁਛ ਸਰੋਦ ਨਾਲ ਮਿਲਦਾ ਸੀ। ਇਹ ਸਾਜ਼ ਐਸਾ ਸੁਰੀਲਾ ਸੀ ਕਿ ਸਾਰੰਗੀ ਕੀ ਚੀਜ਼ ਹੈ। ਸੁਣੀਦਾ ਹੈ ਕਿ ਰਿਆਸਤ ਰਾਮਪੁਰ ਵਿਖੇ ਇਸ ਸਾਜ਼ ਦੇ ਨਮੂਨੇ ਅਜੇ ਭੀ ਮਿਲਦੇ ਹਨ।

ਸੋਚ ਉਠਦੀ ਹੈ ਕਿ ਇਹ ਅਰਸ਼ੀ ਰਬਾਬ ਜੋ ਸਾਹਿਬਾਂ ਨੇ ਆਪ ਵਿਉਂਤੀ ਤੇ ਘੜੀ ਸੀ ਸਾਹਿਬ ਸ੍ਰੀ ਗੁਰੂ ਨਾਨਕ ਸਾਹਿਬ ਪਾਸ, ਮਾਤ ਲੋਕ ਵਿਚ ਕਿਵੇਂ ਪੁਜੀ। ਇਸ ਗੱਲ ਦਾ ਇਸ਼ਾਰਾ ਭਾਈ ਲਾਲੋ ਵਾਲੀ ਜਨਮ ਸਾਖੀ ਵਿਚੋਂ ਮਿਲਦਾ ਹੈ। ‘ਫਿਰੰਦੇ’ ਨਾਮ ਦਾ ਇਕ ਰਬਾਬੀ ਸੀ ਜੋ ਰਬਾਬ ਬਨਾਉਣ ਦਾ ਕਾਰੀਗਰ ਵੀ ਸੀ। ਹਿੰਦੂ ਇਸ ਨੂੰ ‘ਫੇਰੂ’ ਨਾਂ ਨਾਲ ਵੀ ਬੁਲਾਉਂਦੇ ਸਨ। ਕਿਸੇ ਸਮੇਂ ਫਿਰੰਦੇ ਨੂੰ ਕੁਦਰਤੀ ਹੀ ਇਕ ਰਬਾਬ ਹੱਥ ਲੱਗੀ ਜੋ ਰੂਹਾਨੀ ਸੀ। ਨਾਲ ਹੀ ਉਸਨੇ ਇਕ ਰੂਹਾਨੀ ਆਵਾਜ਼ ਵੀ ਸੁਣੀ ਕਿ ਇਹ ਰਬਾਬ ਗੁਰੂ ਨਾਨਕ ਨੂੰ ਦੇਣੀ ਹੈ। ਰੂਹਾਨੀ ਗੱਲ ਸਮਝਣ ਲਈ, ਰੂਹਾਨੀ ਅਕਲ, ਰੂਹਾਨੀ ਬਿਰਤੀ ਅਤੇ ਰੂਹਾਨੀ ਮੇਹਰ ਭੀ ਲੋੜੀਂਦੀ ਹੈ। ਉਸ ਸਮੇਂ ਇਹ ਫਿਰੰਦੇ ਨੂੰ ਉਪਜੀ ਹੋਣੀ ਹੈ। ਦੂਜੇ ਪਾਸਿਓਂ, ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਹੁਕਮ ਅਨੁਸਾਰ ਭਾਈ ਮਰਦਾਨਾ ਜੀ, ਫਿਰੰਦੇ ਰਬਾਬੀ ਨੂੰ ਲੱਭਦੇ ਸੀ। ਭਾਈ ਮਰਦਾਨਾ ਜੀ ਸਤਿਗੁਰਾਂ ਦੀ ਵੱਡੀ ਭੈਣ, ਬੇਬੇ ਨਾਨਕੀ ਜੀ ਪਾਸੋਂ ਸੱਤ ਰੁਪੀਏ ਲੈ ਕੇ ਆਏ ਸੀ ਕਿ ਉਨ੍ਹਾਂ ਨੇ ਫਿਰੰਦੇ ਪਾਸੋਂ ਰਬਾਬ ਖਰੀਦਣੀ ਹੈ। ਭਾਈ ਮਰਦਾਨਾ ਜੀ ਗੁਰੂ ਸਾਹਿਬ ਦੇ ਦੱਸੇ ਟਿਕਾਣੇ ਅਨੁਸਾਰ ਫਿਰੰਦੇ ਨੂੰ ਟੋਲਦੇ ਸੀ। ਗੁਰੂ ਸਾਹਿਬ ਨੇ ਇਹ ਦੱਸ ਭੀ ਪਾਈ ਸੀ ਕਿ ਇਹ ਗਿਰਾਉਂ ਦੋ ਨਦੀਆਂ ਦੇ ਵਿਚਕਾਰ ਹੈ। ਭਾਈ ਮਰਦਾਨੇ ਜੀ ਨੂੰ ਫਿਰੰਦੇ ਬਾਰੇ ਕੋਈ ਥਹੁ ਪਤਾ ਨਹੀ ਸੀ ਲਗਦਾ। ਜਿਸ ਤੋਂ ਪੁੱਛਣ ਕਿ ਫਿਰੰਦਾ ਰਬਾਬੀ ਕਿੱਥੇ ਰਹਿੰਦਾ ਹੈ ਉਹ ਕੋਈ ਥਹੁ ਪਤਾ ਨਹੀ ਸੀ ਦੇਂਦਾ। ਨੌਂ ਦਿਨ ਟੱਕਰਾਂ ਮਾਰਨ ਤੋਂ ਬਾਅਦ ਵੀ ਉਨ੍ਹਾਂ ਨੂੰ ਫਿਰੰਦੇ ਰਬਾਬੀ ਦਾ ਕੋਈ ਥਹੁ ਪਤਾ ਨਹੀ ਸੀ ਲੱਗਦਾ। ਆਖਰ ਮਰਦਾਨਾ ਜੀ ਫਿਰੰਦੇ ਨੂੰ ਲਭਦੇ ਲੱਭਦੇ ਥੱਕ ਕੇ ਜਦੋਂ ਹਾਰ ਗਏ ਤਾਂ ਉਹ ਸ੍ਰੀ ਗੁਰੂ ਨਾਨਕ ਦੇਵ ਜੀ (ਜੋ ਕਿ ਉਸ ਵੇਲੇ ਸੁਲਤਾਨਪੁਰ ਲੋਧੀ ਦੀਆਂ ਜੂਹਾਂ ਵਿਚ ਬੈਠੇ ਸਨ) ਪਾਸ ਵਾਪਸ ਜਾਣ ਲਈ ਤਿਆਰ ਹੋ ਗਏ।

ਪਰ ਤੀਸਰੇ ਦਿਨ, ਫਿਰੰਦਾ ਰਬਾਬੀ ਭਾਈ ਮਰਦਾਨਾ ਜੀ ਨੂੰ ਆਂਣ ਮਿਲਿਆ। ਭਾਈ ਬਾਲੇ ਦੀ ਜਨਮ ਸਾਖੀ ਵਿਚ ਲਿਖਿਆ ਹੈ ਕਿ “ ਫਿਰੰਦੇ ਨੂੰ ਪੁੱਛਿਆ ਤੂੰ ਕਿਸ ਨੂੰ ਟੋਲਦਾ ਹੈ ਤਾਂ ਮਰਦਾਨੇ ਆਖਿਆ ਕਿ ਇੱਥੇ ਇਕ ਫਿਰੰਦਾ ਰਬਾਬੀ ਹੈ ਜਿਸ ਨੂੰ ਫੇਰੂ ਵੀ ਆਖਦੇ ਹਨ। ਫਿਰੰਦੇ ਆਖਿਆ ਤੇਰਾ ਨਾਮ ਕੀ ਹੈ। ਤੂੰ ਹੁੰਦਾ ਕੌਣ ਹੈ, ਤੈਨੂੰ ਭੇਜਿਆ ਕਿਸ ਨੇ ਹੈ ਅਤੇ ਤੇਰਾ ਵਤਨ ਕਿਹੜਾ ਹੈ ਤਾਂ ਮਰਦਾਨੇ ਆਖਿਆ ਮੇਰਾ ਵਤਨ ਰਾਇ ਭੋਇੰ ਦੀ ਤਲਵੰਡੀ ਹੈ। ਨਾਓ ਮਰਦਾਨਾ ਹੈ, ਭੇਜਿਆ ਨਾਨਕ ਵੇਦੀ ਫਕੀਰ ਨੇ ਹੁਕਮ ਰਬਾਬ ਲੈਣ ਵਾਸਤੇ। ਫਿਰੰਦੇ ਨੇ ਆਖਿਆ ਨਾਨਕ ਬੇਦੀ ਨੇ ਤੈਨੂੰ ਮੇਰੇ ਵੱਲ ਹੀ ਘਲਿਆ ਹੈ। ਰਬਾਬ ਵੀ ਮੇਰੇ ਪਾਸ ਹੈ। ਨਾਨਕ ਵੇਦੀ ਮੇਰਾ ਚਰੋਕਨਾ ਅਸਨਾਉ ਹੈ। ਇਹ ਰਬਾਬ ਵੀ ਮੇਰੇ ਪਾਸ ਹੈ। ਮਰਦਾਨੇ ਆਖਿਆ ਜੀ ਰਬਾਬ ਮੈਨੂੰ ਦੇਵੋ। ਫਿਰੰਦਾ, ਨ ਜਾਣੀਐ ਰਬਾਬ ਕਿਥੋਂ ਲੈ ਆਇਆ। ਜਾ ਮਰਦਾਨਾ ਦੇਖੇ ਤਾਂ ਕਿਆ ਦੇਖੇ, ਰਬਾਬ ਕੁਦਰਤੀ (ਇਲਾਹੀ) ਹੈ। ਜੀ ਮੁਲ ਕਹੁ। ਫਿਰੰਦੇ ਆਖਿਆ ਤੇਰੇ ਪਾਸ ਇਸ ਰਬਾਬ ਦਾ ਮੁਲ ਨਾਹੀ ਅਤੇ ਇਸ ਦਾ ਮੁੱਲ ਅਸਾਂ ਲੈਣਾ ਵੀ ਨਾਹੀ। ਮਰਦਾਨੇ ਨੂੰ ਹੈਰਾਨਗੀ ਲੱਗੀ ਭਾਈ ਇਹ ਕਉਣ। ਮਰਦਾਨਾ ਰਹਿ ਨਾ ਸਕਿਆ। ਆਖਿਓਸੁ ਜੀ ਤੁਸਾਂ ਇਸ ਦਾ ਮੁੱਲ ਕਿਉ ਨਹੀ ਲੈਣਾ। ਫਿਰੰਦਾ ਆਖਿਆ ਮਰਦਾਨੇ ਇਹ ਰਬਾਬ ਅਸਾਂ ਨੂੰ ਕੁਦਰਤ ਨਾਲ ਹੱਥ ਆਇਆ ਹੈ। ਆਵਾਜ਼ ਇਸ ਦੀ ਇਕ ਨਿਕਲੀ ਜੋ “ਫਿਰੰਦਾ ਇਹ ਰਬਾਬ ਹੋਰ ਸੁ ਅੱਗੇ ਵਜਾਵਨਾਂ ਨਾਹੀ, ਹਿੱਕ ਨਾਨਕ ਵੇਦੀ ਖਤ੍ਰੀ ਹੋਸੀ ਇਹੁ ਰਬਾਬੁ ਉਸ ਦੇ ਅੱਗੇ ਵਜਾਉਣੀ, ਤੂ ਉਸ ਅੱਗੇ ਵਜਾਵੇਂ।” ਮਰਦਾਨੇ ਇਸ ਦਾ ਮੁੱਲ ਅਸਾਂ ਲੈਣਾ ਨਾਹੀ। ਪਰ ਭਾਈ ਚੱਲ ਦੇਖ ਉਹ ਨਾਨਕ ਹੈ ਕਿ ਕੋਈ ਹੋਰ ਹੈ। ਤਾਂ ਮਰਦਾਨੇ ਕਿਹਾ ਜੀ ਚਲੋ ਪਰ ਜੇ ਹੁਕਮ ਹੋਵੇ

ਤਾਂ ਮੈਂ ਇਕ ਵਾਰੀ ਵਜਾ ਕਿ ਦੇਖਾਂ। ਫਿਰੰਦੇ ਕਿਹਾ ਭਾਈ ਹੋਰ ਅੱਗੇ ਹੁਕਮੁ ਨਾਹੀ। ਮਰਦਾਨੇ ਕਿਹਾ ਜੀ ਮੈਨੂੰ ਉਸੇ ਨਾਨਕ ਨੇ ਭੇਜਿਆ ਹੈ ਤਾਂ ਫਿਰੰਦੇ ਕਿਹਾ ਭਾਈ ਤੂ ਜਾਣ। ਨਾਨਕ ਉਸੇ ਭੇਜਿਆ ਵਜਾਇ (ਵਜਾ ਲੈ) ਮਰਦਾਨੇ ਰਬਾਬ ਲੈ ਕਰ ਥਾਟਿ ਬਣਾਇ ਕੇ ਜਾਂ ਤਾਰ ਵਜਾਈ ਤਾਂ ਆਵਾਜ਼ ਵਿਚੋਂ 'ਨਿਰੰਕਾਰ' 'ਨਿਰੰਕਾਰ' ਹੀ ਆਵੇ। ਅਤੇ ਪਿਛੋਂ ਦੀ ਨਾਨਕ ਦੀ ਅਦੀਨਗੀ ਨਿਕਲੇ ਹੋਰ ਕੋਈ ਆਵਾਜ ਨ ਨਿਕਲੇ। ਤਾਂ ਮਰਦਾਨਾ ਹੈਰਾਨ ਹੋਇ ਕਰਿ ਆਖਿਓਸੁ ਫਿਰੰਦਾ ਭਾਈ ਚਲੁ (ਛੇਤੀ ਚੱਲ)। ਫਿਰੰਦਾ ਤੇ ਮਰਦਾਨਾ ਦੋਵੇਂ ਨੌਵੇਂ ਦਿਨ ਆਇ ਗੁਰੂ ਨਾਨਕ ਪਾਸਿ ਖਲੇ ਹੋਇ। ਰਬਾਬ ਆਗੈ ਰਾਖਿਆ ਅਤੇ ਦੋਹਾਂ ਮਥਾ ਟੇਕਿਆ।"

# 13) ਗੁਰੂ ਘਰ ਦੇ ਪੁਰਾਤਨ ਰਬਾਬੀ ਤੇ ਰਾਗੀ

ਜਿਵੇਂ ਤਬਲਾ ਵਜਾਉਣ ਵਾਲੇ ਨੂੰ ਤਬਲਚੀ ਆਖ ਲਈਦਾ ਹੈ ਤਿਵੇਂ ਰਬਾਬ ਵਜਾਉਣ ਵਾਲੇ ਨੂੰ ਰਬਾਬੀ ਕਹਿ ਕੇ ਬੁਲਾਇਆ ਜਾਂਦਾ ਸੀ। ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਜਦੋਂ ਧੁਰੋਂ ਆ ਰਹੀ ਬਾਣੀ ਦੀ ਲਹਿਰ ਉਠਦੀ ਸੀ ਤਾਂ ਉਹ ਇਸ ਇਲਾਹੀ ਬਾਣੀ ਨੂੰ ਦਰਗਾਹੋਂ ਆਏ ਸੰਕੇਤ ਅਨੁਸਾਰ ਕਿਸੇ ਰਾਗ ਵਿਚ ਗਾ ਉਠਦੇ ਸਨ ਜਾਂ ਅਲਾਪ ਦਿੰਦੇ ਸਨ। ਭਾਈ ਮਰਦਾਨਾ ਜੀ ਜਦੋਂ ਗੁਰੂ ਸਾਹਿਬ ਜੀ ਦੇ ਨਾਲ ਹੁੰਦੇ ਸਨ ਤਾਂ ਉਨ੍ਹਾਂ ਦੇ ਹਥ ਵਿਚ 'ਰਬਾਬ' ਨਾਮਕ ਸਾਜ਼ ਹੁੰਦਾ ਸੀ ਤਾਂ ਗੁਰੂ ਮਹਾਰਾਜ ਦਾ ਹੁਕਮ ਸੁਣਕੇ ਉਸੇ ਰਾਗ ਦੀਆਂ ਸੁਰਾਂ ਛੇੜ ਦਿੰਦੇ ਸਨ। ਸਾਹਿਬਾਂ ਦੀ ਅਤਿਅੰਤ ਸੁਰੀਲੀ ਆਵਾਜ਼ ਵਿਚ ਉਨ੍ਹਾਂ ਦੀ ਗਾਈ ਜਾਂ ਇਲਾਹੀ ਬਾਣੀ ਨੂੰ ਸੁਣਕੇ, ਕੀ ਮਨੁਖ ਤੇ ਕੀ ਹੋਰ ਜੀਵ ਜੰਤ ਸਭ ਮੋਹੇ ਜਾਂਦੇ ਸਨ ਅਥਵਾ ਕੀਲੇ ਜਾਂਦੇ ਸਨ ਅਤੇ ਗੁਰੂ ਕੇ ਸਿਖ ਹੋ ਨਿਤਰਦੇ ਸਨ।

ਭਾਈ ਮਰਦਾਨਾ ਜੀ ਵੀ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਿੰਡ 'ਰਾਏ ਭੋਇ ਦੀ ਤਲਵੰਡੀ' ਦੇ ਰਹਿਣ ਵਾਲੇ ਸਨ। ਆਪ ਮੁਸਲਮਾਨਾਂ ਦੇ ਘਰ ਸੰਮਤ ੧੫੧੩ ਵਿਚ ਜਨਮੇ ਸਨ। ਆਪ ਦੇ ਪਿਤਾ ਬਾਦਰ ਮਿਰਾਸੀ ਸਨ ਅਤੇ ਮਾਤਾ ਦਾ ਨਾਮ ਲੱਖੋ ਸੀ। ਮਰਦਾਨਾ ਜੀ ਦਾ ਅਸਲੀ ਨਾਮ 'ਦਾਨਾ' ਸੀ। ਪਰ ਆਪ ਦੀ ਮਾਂ ਆਪ ਨੂੰ 'ਮਰ ਜਾਣਿਆ' ਕਹਿ ਕੇ ਬੁਲਾਉਂਦੀ ਸੀ। ਉਹ ਬੜੇ ਉਦਾਸ ਤੇ ਭੈ ਭੀਤ ਰਹਿੰਦੇ ਸਨ ਕਿਉਂਕਿ 'ਦਾਨੇ' ਤੋਂ ਪਹਿਲਾਂ ਲੱਖੋ ਦੇ ਸਾਰੇ ਪੁੱਤਰ ਛੋਟੀ ਉਮਰ ਵਿਚ ਹੀ ਮਰ ਜਾਂਦੇ ਰਹੇ ਸਨ। ਉਨ੍ਹਾਂ ਦੀ ਇਹ ਹਾਲਤ ਦੇਖ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਖ ਦਿਤਾ ਕਿ ਇਹ ਨਹੀ ਮਰਦਾ। ਲੱਖੋ ਦੇ ਇਸ ਪੁੱਤਰ ਨੂੰ ਸਭ "ਮਰਦਾ-ਨਾ" ਕਹਿਣ ਲੱਗ ਪਏ ਤੇ ਸੀਨਾ ਬਸੀਨਾ ਆਈ ਰਵਾਇਤ ਅਨੁਸਾਰ ਆਪ ਦਾ ਨਾਮ ਮਰਦਾਨਾ ਪਰਚੱਲਤ ਹੋ ਗਿਆ।

ਮਰਦਾਨਾ ਜੀ ਉਮਰ ਵਿਚ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ੧੦ ਸਾਲ ਵੱਡੇ ਸਨ। ਗੁਰੂ ਸਾਹਿਬ ਇਸਨੂੰ ਆਪਣਾ ਸਿੱਖ ਸਾਥੀ ਤੇ ਰਬਾਬੀ ਤੇ ਮਿਤਰਾਂ ਵਾਲਾ ਪਿਆਰ ਕਰਦੇ ਸਨ। ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਦੇਸ ਪਰਦੇਸ ਯਾਤਰਾ ਸਮੇਤ ਮਰਦਾਨਾ ਜੀ ਕੋਈ ਲੱਗਭਗ ੫੫ ਸਾਲ ਉਨ੍ਹਾਂ ਦੇ ਨਾਲ (ਹਜ਼ੂਰੀ ਵਿਚ) ਰਹੇ ਹਨ। ਗੁਰੂ ਸਾਹਿਬ ਦੇ ਇਤਨੇ ਨਿਕਟੀ ਸੇਵਕ, ਮਿੱਤਰ ਅਤੇ ਕੀਰਤਨੀਆਂ ਹੋਣ ਕਾਰਨ ਭੀ ਮਰਦਾਨਾ ਜੀ ਨੂੰ ਭਾਈ ਪਦ ਦੀ ਪਰਾਪਤੀ ਹੋਈ ਹੈ। ਸਿੱਖਾਂ ਅੰਦਰ ਆਪ ਨੂੰ ਹਮੇਸ਼ਾਂ 'ਭਾਈ ਮਰਦਾਨਾ' ਕਹਿ ਕੇ ਯਾਦ ਕੀਤਾ ਜਾਂਦਾ ਹੈ।

ਭਾਈ ਮਰਦਾਨਾ ਜੀ ਦੇ ਤਿੰਨ ਸਲੋਕ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ 'ਬਿਹਾਗੜੇ ਦੀ ਵਾਰ' ਵਿਚ ਪੰਨਾ ੫੫੩ ਵਿਚ ਦਰਜ ਹਨ। ਭਾਈ ਮਰਦਾਨਾ ਜੀ ਕੇਵਲ ਇਕੋ ਇਕ ਗੁਰਸਿਖ ਹਨ ਜਿਨ੍ਹਾਂ ਨੂੰ ਆਪਣੀ ਬਾਣੀ ਵਿਚ 'ਨਾਨਕ' ਪਦ ਦੇ ਤਖਲਸ ਹੇਠ ਬਾਣੀ ਲਿਖਣ ਦਾ ਮਾਣ ਪ੍ਰਾਪਤ ਹੈ।

ਭਾਈ ਮਰਦਾਨਾ ਜੀ ਨੇ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ੧੯ ਰਾਗਾਂ ਵਿਚ ਰਬਾਬ ਉਪਰ ਸੰਗਤ ਕੀਤੀ ਹੈ ਅਤੇ ਇਨ੍ਹਾਂ ਨੂੰ ਗੁਰੂ ਘਰ ਦਾ ਪਹਿਲਾ ਰਬਾਬੀ ਹੋਣ ਦਾ ਮਾਣ ਪ੍ਰਾਪਤ ਹੈ।

ਭਾਈ ਮਰਦਾਨਾ ਜੀ ਦਾ ਦੇਹਾਂਤ ੧੩ ਮੱਘਰ ਸੰਮਤ ੧੫੯੧ ਨੂੰ ਅਫਗਾਨਿਸਤਾਨ ਦੇ ਦਰਿਆ ਕੁਰਮ ਦੇ ਕਿਨਾਰੇ, ਕੁਰਮ ਸ਼ਹਿਰ ਵਿਚ ਹੋਇਆ। ਇਨ੍ਹਾਂ ਦੀ ਦੇਹ ਦਾ ਅੰਤਮ ਸੰਸਕਾਰ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੀ ਹਥੀਂ ਕੀਤਾ।

ਭਾਈ ਮਰਦਾਨਾ ਜੀ ਤੋਂ ਬਾਅਦ ਉਨ੍ਹਾਂ ਦੀ ਸੰਪਰਦਾ ਵਿਚੋਂ ਗੁਰੂ ਘਰ ਅੰਦਰ ਗੁਰਬਾਣੀ ਦਾ ਕੀਰਤਨ ਕਰਨ ਵਾਲੇ ਮੁਸਲਮਾਨਾਂ ਨੂੰ ਸਤਿਕਾਰ ਨਾਲ ਗੁਰੂ ਘਰ ਦੇ 'ਰਬਾਬੀ' ਕਹਿ ਕੇ ਬੁਲਾਇਆ ਗਿਆ ਹੈ। 'ਰਬਾਬੀ' ਹੋਣਾ ਇਕ ਗੁਣਵਾਨ ਖਿਤਾਬ (ਪਦਵੀ) ਸੀ ਤੇ ਹੁਣ ਭੀ ਹੋਣੀ ਉਚਿਤ ਹੈ।

ਜਿਨ੍ਹਾਂ ਮੁਸਲਮਾਨ ਰਬਾਬੀਆਂ ਨੇ ਗੁਰੂ ਘਰ ਵਿਚ ਅਥਵਾ ਹਰਿਮੰਦਰ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ ਵਿਚ ਕੀਰਤਨ ਕੀਤਾ ਹੈ ਜ਼ਰੂਰੀ ਨਹੀ ਕਿ ਉਹ ਕੇਵਲ ਰਬਾਬ ਦੇ ਵਜੰਤਰੀ ਹੋਏ ਹਨ। ਉਨ੍ਹਾਂ ਵਿਚ ਕਈਆਂ ਨੇ ਢਾਡੀਆਂ ਵਾਲੀ ਸਾਰੰਗੀ ਤੇ ਸਿਰੰਦੇ ਵੀ ਵਜਾਏ ਹਨ (ਤੇ ਪਿਛਲੀ ਸਦੀ ਵਿਚ ਤਾਂ ਹਰਮੋਨੀਅਮ ਵੀ ਵਰਤਿਆ ਹੈ।) ਕੁਝ ਕੁ ਸੁਪ੍ਰਸਿੱਧ ਰਬਾਬੀਆਂ ਦਾ ਵੇਰਵਾ ਅੱਗੇ ਚੱਲ ਕੇ ਆਵੇਗਾ।

**ਭਾਈ ਸਜਾਦਾ :-** ਭਾਈ ਮਰਦਾਨੇ ਜੀ ਦਾ ਪੁੱਤਰ ਸੀ। ਕਿਹਾ ਜਾਂਦਾ ਹੈ ਕਿ ਉਹ ਆਪਣੇ ਪਰਵਾਰ ਸਮੇਤ, ਆਪਣੇ ਪਿਤਾ, ਭਾਈ ਮਰਦਾਨੇ ਜੀ ਦੀ ਸਮਾਧ, ਜੋ ਅਫਗਾਨਸਤਾਨ ਦੇ ਕੁਰਮ ਸ਼ਹਿਰ ਵਿਚ ਮੰਨੀ ਜਾਂਦੀ ਹੈ, ਜਾ ਵਸਿਆ ਸੀ।

**ਭਾਈ ਸਾਦੂ ਤੇ ਭਾਈ ਬਾਦੂ:-** ਭਾਈ ਮਰਦਾਨਾ ਜੀ ਦੇ ਪੋਤਰੇ ਸਨ। ਪੁਸਤਕ "ਸ੍ਰੀ ਅੰਮ੍ਰਿਤਸਰ ਦੇ ਦਰਸ਼ਨ..." ਕਿਰਤ ਸ: ਸਤਨਾਮ ਸਿੰਘ ਖਾਲਸਾ, ਐਡਵੋਕੇਟ ਅਨੁਸਾਰ ਉਨ੍ਹਾ ਨੇ ਸ੍ਰੀ ਹਰਿਮੰਦਰ ਸਾਹਿਬ ਵਿਚ ਕੀਰਤਨ ਕੀਤਾ ਹੈ।

ਅੰਮ੍ਰਿਤਸਰ ਸ਼ਹਿਰ ਵਸਾਉਂਦਿਆਂ ਉਥੋਂ ਦੇ ਬਜ਼ਾਰਾਂ, ਗਲੀਆਂ ਤੇ ਮੁਹੱਲਿਆਂ ਦਾ ਨਾਮ ਕਿਰਤ ਅਨੁਸਾਰ ਜਾਂ ਕਿਰਤੀਆਂ ਅਨੁਸਾਰ ਰੱਖਿਆ ਗਿਆ ਸੀ। ਜਿਵੇਂ ਜਿਥੇ ਕਾਠੀਆਂ ਬਣਦੀਆਂ ਸਨ ਉਹ 'ਕਾਠੀਆਂ ਵਾਲਾ ਬਜ਼ਾਰ' ਪ੍ਰਸਿੱਧ ਹੋਇਆ। ਇਵੇਂ ਹੀ ਲੂਣ ਮੰਡੀ, ਆਟਾ ਮੰਡੀ, ਘਿਉ ਮੰਡੀ ਆਦਿ ਬਜ਼ਾਰਾਂ ਦੇ ਨਾਮ ਪ੍ਰਸਿੱਧ ਹੋਏ। ਤਰਖਾਣਾਂ ਦੀ ਗਲੀ, ਮੋਚੀ ਬਜ਼ਾਰ, ਘੜਿਆਲਿਆਂ ਦੀ ਗਲੀ, ਆਦਿ ਨਾਲ ਇਕ ਰਬਾਬੀਆਂ ਦੀ ਗਲੀ ਵੀ ਗੁਰੂ ਕੇ ਮੁਹੱਲੇ ਦੇ ਨੇੜੇ ਬਣਾ ਦਿੱਤੀ ਸੀ। ਸ਼ਾਇਦ ਇਥੇ ਪਹਿਲਾਂ ਰਬਾਬੀ ਵੱਸਦੇ ਹੋਣਗੇ। ਅੰਮ੍ਰਿਤਸਰ ਦੇ ਨਿਵਾਸੀ ਵਧੇਰੇ ਦੱਸ ਸਕਣਗੇ।

**ਸਤਾ ਤੇ ਬਲਵੰਡ :-** ਇਹ ਰਬਾਬੀ ਦੋਨੋ ਭਰਾ ਸਨ। ਇਹ ਦੂਸਰੀ ਪਾਤਸ਼ਾਹੀ ਤੋਂ ਲੈ ਕੇ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਦਰਬਾਰ ਦੇ ਕੀਰਤਨੀਏ ਹੋਏ ਹਨ। ਬਦਕਿਸਮਤੀ ਕਾਰਨ ਕਿਸੇ ਸਮੇਂ ਇਨ੍ਹਾਂ ਨੂੰ ਆਪਣੇ ਤੇ ਅਭਿਮਾਨ ਹੋ ਗਿਆ। ਲਾਲਚ ਵੱਸ ਇਹ ਸ੍ਰੀ ਗੁਰੂ ਅਰਜਨ ਦੇਵ ਜੀ ਨਾਲ ਰੁਸ ਗਏ ਤੇ ਕੀਰਤਨ ਕਰਨ ਤੋਂ ਨਾਹ ਕਰ ਗਏ। ਸਤਿਗੁਰਾਂ ਨੇ ਇਨ੍ਹਾਂ ਨੂੰ ਕੀਰਤਨ ਕਰਨ ਵਾਸਤੇ ਕੁਝ ਪਤਵੰਤੇ ਗੁਰ ਸਿਖਾਂ ਨੂੰ ਇਨ੍ਹਾਂ ਪਾਸ ਭੇਜਿਆ ਕਿ ਆ ਕੇ ਕੀਰਤਨ ਕਰਨ, ਪਰ ਉਹ ਨਹੀ ਆਏ। ਫੇਰ ਸਤਿਗੁਰ ਜੀ ਆਪ ਚੱਲਕੇ ਇਨ੍ਹਾਂ ਦੇ ਪਾਸ ਗਏ ਤਾਂ ਅੱਗੋਂ ਦੋਵੇਂ ਭਰਾਵਾਂ ਨੇ ਬੜੇ ਕੌੜੇ ਬਚਨ ਬੋਲੇ। ਸਤਿਗੁਰਾਂ ਨੇ ਆਪਣੇ ਬਾਰੇ ਇਹ ਸਭ ਸਹਾਰ ਲਏ ਪਰ ਜਦੋਂ ਇਨ੍ਹਾਂ ਨੇ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਸਾਹਿਬ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਨਿੰਦਆ ਕੀਤੀ ਤਾਂ ਸਤਿਗੁਰੂ ਜੀ ਇਹ ਸਹਿ ਨਾ ਸਕੇ। ਇਤਨਾ ਕਹਿ ਕੇ ਉਠ ਆਏ ਕਿ 'ਇਹ ਫਿਟ ਗਏ ਹਨ'। ਸੱਚਮੁੱਚ ਐਸਾ ਹੀ ਹੋਇਆ ਇਹ ਦੋਨੋਂ ਕੋਹੜ ਦੇ ਰੋਗ ਨਾਲ ਗ੍ਰਸੇ ਗਏ, ਘਰ ਵਿਚ ਅਤਿ ਦੀ ਗਰੀਬੀ ਛਾ ਗਈ ਭੁੱਖ ਨੰਗ ਵਰਤ ਗਈ। ਆਖਿਰਕਾਰ ਉਨ੍ਹਾਂ ਨੇ ਆਪਣੀ ਭੁਲ ਦਾ ਪਛਤਾਵਾ ਕੀਤਾ। ਇਨ੍ਹਾਂ ਦਾ ਧਿਆਨ ਇਕ ਪਰਉਪਕਾਰੀ ਸਿੱਖ ਵੱਲ ਗਿਆ। ਇਹ ਲਾਹੌਰ ਦੇ ਰਹਿਣ ਵਾਲਾ ਸੀ। ਇਸਦਾ ਨਾਮ ਭਾਈ ਲੱਧਾ ਸੀ। ਉਸ ਪਾਸ ਜਾ ਕੇ ਦੋਨੇਂ ਭਰਾਵਾਂ ਨੇ ਫਰਿਆਦ ਕੀਤੀ ਕਿ ਸਾਨੂੰ ਗੁਰੂ ਸਾਹਿਬ ਕੋਲ ਲਿਜਾਣ ਤੇ ਸਾਡੀ ਭੁਲ ਦੀ ਮੁਆਫੀ ਦੀ ਸਿਫਾਰਸ਼ ਕਰਨ। ਉਸ ਨੇ ਗੁਰੂ ਸਾਹਿਬ ਕੋਲ ਜਾ ਕੇ ਇਨ੍ਹਾਂ ਰਬਾਬੀਆਂ ਨੂੰ ਖਿਮਾ ਕਰ ਦੇਣ ਦੀ ਸਿਫਾਰਸ਼ ਕੀਤੀ। ਸਤਾ ਤੇ ਬਲਵੰਡ ਨੇ ਜਿਸ ਮੂੰਹ ਨਾਲ ਗੁਰੂ ਸਾਹਿਬ ਦੀ ਨਿੰਦਿਆ ਕੀਤੀ ਸੀ, ਉਹ ਮੁਆਫੀ ਮੰਗਦੇ ਪੁਕਾਰ ਉੱਠੇ।

"ਤੁਧੁ ਡਿਠੇ ਸਚੇ ਪਾਤਿਸਾਹ ਮਲੁ ਜਨਮ ਜਨਮ ਦੀ ਕਟੀਐ ॥"

ਗੁਰੂ ਉਸਤਤ ਵਿਚ ਇਨ੍ਹਾਂ ਭਰਾਵਾਂ ਨੇ ੮ ਪਉੜੀਆਂ ਦੀ ਇਕ ਵਾਰ ਰਚੀ (ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ ੯੬੬/੧੪੩੦ ਤੇ ਇਸ ਸਿਰਲੇਖ ਹੇਠਾਂ ਦਰਜ ਹੈ:

" ਰਾਮਕਲੀ ਕੀ ਵਾਰ ਰਾਇ ਬਲਵੰਡਿ ਤਥਾ ਸਤੈ ਡੂਮਿ ਆਖੀ "

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਕ ਬੀਕਾਨੇਰੀ ਸਿਰੰਦਾ ਰਚਿਆ ਸੀ ਤੇ ਇਸ ਸਿਰੰਦੇ ਨੂੰ ਬਲਵੰਡ ਬਹੁਤ ਵਧੀਆ ਵਜਾਉਂਦਾ ਸੀ।

ਸ੍ਰੀ ਗੁਰੂ ਅਰਜਨ ਦੇਵ ਜੀ ਦੇ ਦਰਬਾਰ ਵਿਚ ਹੁਣ ਸਿੱਖ ਕੀਰਤਨ ਕਰਨ ਲੱਗ ਪਏ ਸਨ। ਇਨ੍ਹਾਂ ਵਿਚ ਕੀਰਤਨ ਅਤੇ ਰਾਗ ਪਰਚਾਰ ਹੋਇਆ। ਗੁਰਸਿੱਖਾਂ ਅੰਦਰ ਕੀਰਤਨ ਕਰਨ ਵਾਲਿਆਂ ਦੀ ਸੰਪਰਦਾਅ ਤੁਰ ਪਈ। ਜਿਵੇਂ ਗੁਰੂ ਘਰ ਦੇ ਮੁਸਲਮਾਨ ਕੀਰਤਨੀਏ ਰਬਾਬੀ ਹੋ ਕੇ ਪ੍ਰਸਿੱਧ ਹੋਏ ਹੁਣ ਗੁਰੂ ਘਰ ਦੇ ਗੁਰਸਿੱਖ ਕੀਰਤਨੀਏ ਰਾਗੀ ਨਾਮ ਨਾਲ ਪ੍ਰਸਿੱਧ ਹੋਣ ਲਗੇ ਅਤੇ ਹੋ ਗਏ। ਰਬਾਬੀਆਂ ਦੀ ਰਬਾਬ ਦੀ ਜਗ੍ਹਾ ਪੰਚਮ ਪਾਤਸ਼ਾਹ ਦਾ ਸਿਰਜਿਆ 'ਸਰੰਦਾ' ਪਰਚਲਤ ਹੋਇਆ ਅਤੇ ਮਿਰਦੰਗ ਦੀ ਥਾਂ ਜੋੜੀ (ਤਬਲੇ) ਨੇ ਲੈ ਲਈ। ਰਾਗੀਆਂ ਦੇ ਸਾਜ਼ ਵੀ ਰਬਾਬੀਆਂ ਤੋਂ ਭਿੰਨ ਹੋ ਗਏ।

**ਭਾਈ ਬਾਬਕ ਜੋਧਾ:-** ਬਾਬਕ ਛੇਵੀਂ ਪਾਤਸ਼ਾਹੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਇਕ ਰਬਾਬੀ ਸੀ। ਰਬਾਬੀ ਹੋਣ ਤੋਂ ਛੁਟ ਇਹ ਤਕੜਾ ਘੋੜ ਸਵਾਰ ਵੀ ਸੀ। ਜਦੋਂ ਮੁਗਲਾਂ ਨੇ ਛੇਵੀਂ ਪਾਤਸ਼ਾਹੀ ਉਪਰ ਲਾਹੌਰ ਦੀ ਫੌਜ ਚੜਕੇ ਆ ਰਹੀ ਸੀ ਤਾਂ ਉਨ੍ਹਾਂ ਦਿਨਾਂ ਵਿਚ ਪਾਤਸ਼ਾਹ ਦੀ ਬੇਟੀ ਬੀਬੀ ਵੀਰੋ ਜੀ ਦਾ ਵਿਆਹ ਰਚਿਆ ਹੋਇਆ ਸੀ। ਸੋ ਗੁਰੂ ਮਹਾਰਾਜ ਨੇ ਬੀਬੀ ਵੀਰੋ ਜੀ ਨੂੰ ਅੰਮ੍ਰਿਤਸਰੋਂ ਝਬਾਲ ਭੇਜ ਦਿੱਤਾ ਸੀ। ਬਾਬਕ ਰਬਾਬੀ ਜੋਧਾ ਬੀਬੀ ਜੀ ਨੂੰ ਆਪਣੀ ਨਿਗਰਾਨੀ ਹੇਠਾਂ ਝਬਾਲ ਛੱਡਣ ਨਾਲ ਗਿਆ ਸੀ।

**ਭਾਈ ਅਬਦੁੱਲਾ ਤੇ ਨਥ ਮਲ:-** ਇਹ ਦੋ ਰਬਾਬੀ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਦਰਬਾਰ ਦੇ ਰਬਾਬੀ ਸਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਈਆਂ ਵਾਰਾਂ ਦਾ ਕੀਰਤਨ ਕਰਦੇ ਸਨ। ਇਹ ਆਪ ਚੰਗੇ ਕਵੀ ਵੀ ਸਨ ਤੇ ਆਪਣੀਆਂ ਰਚੀਆਂ ਵਾਰਾਂ ਵੀ ਸਿੱਖ ਫੌਜੀਆਂ ਨੂੰ ਉਨ੍ਹਾਂ ਅੰਦਰ ਬਹਾਦਰੀ ਤੇ ਜੋਸ਼ ਭਰਨ ਲਈ ਸੁਣਾਇਆ ਕਰਦੇ ਸਨ। ਜਦੋਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਦੋ ਤਲਵਾਰਾਂ, ਇਕ ਮੀਰੀ ਦੀ ਤੇ ਇਕ ਪੀਰੀ ਦੀਆਂ ਪਹਿਨ ਲਈਆਂ ਤਾਂ ਇਸ ਨੂੰ ਆਪਣੀ ਰਚਨਾ ਵਿਚ ਭਾਈ ਅਬਦੁਲਾ ਨੇ ਇੰਜ ਉਚਾਰਿਆ:

> ਦੋ ਤਲਵਾਰਾਂ ਬਧੀਆਂ
> ਇਕ ਮੀਰੀ ਦੀ ਇਕ ਪੀਰੀ ਦੀ
> ਇਕ ਅਜ਼ਮਤ ਦੀ ਇਕ ਰਾਜ ਦੀ
> ਇਕ ਰਾਖੀ ਕਰੀ ਵਜੀਰ ਦੀ।

**ਭਾਈ ਅਤਰਾ ਤੇ ਹੋਰ ਰਬਾਬੀ:-** ਮੁਸਲਮਾਨ ਰਬਾਬੀਆਂ ਦੀ ਸੂਚੀ ਵਿਚ ਭਾਈ ਮਰਦਾਨਾ ਜੀ ਤੋਂ ਛੁਟ ਭਾਈ ਸਜਾਦਾ, ਸਾਦੂ ਤੇ ਬਾਦੂ (ਭਾਈ ਮਰਦਾਨਾ ਜੀ ਦੇ ਪੋਤਰੇ), ਸਤਾ ਤੇ ਬਲਵੰਡ, ਬਾਬਕ, ਅਬਦੁਲਾ ਤੇ ਨਥਾ, ਭਾਈ ਝਾਝੂ, ਮੁਕੰਦ, ਕਦਾਰਾ ਆਦਿ ਹਨ। ਇਨ੍ਹਾਂ ਤੋਂ ਛੁਟ ਹੋਰ ਜੋ ਪਿਛਲੀ ਸਦੀ ਦੇ ਰਬਾਬੀਆਂ ਵਿਚੋਂ ਸਾਂਈ ਦਿੱਤਾ, ਦੇਸਾ ਭਾਈ ਚਾਂਦ ਤੇ ਭਾਈ ਲਾਲ ਅਤੇ ਹੋਰ ਵੀ ਪ੍ਰਸਿੱਧ ਰਬਾਬੀ ਸਨ।

**ਸ੍ਰੀ ਹਰਿਮੰਦਰ ਸਾਹਿਬ ਦੇ ਆਖਰੀ ਰਬਾਬੀ ਭਾਈ ਚਾਂਦ :-** ਭਾਈ ਮਰਦਾਨਾ ਜੀ ਸਿੱਖ ਧਰਮ ਦੇ ਪ੍ਰਥਮ ਸਭ ਤੋਂ ਪਹਿਲੇ ਰਬਾਬੀ ਹੋਏ ਹਨ। ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ ਵਿਚ ਕੀਰਤਨ ਕਰਨ ਵਾਲਿਆਂ ਵਿਚੋਂ ਅਖੀਰਲੇ ਮੁਸਲਮਾਨ ਰਬਾਬੀ ਦਾ ਨਾਮ 'ਭਾਈ ਚਾਂਦ' ਕਰਕੇ ਪ੍ਰਸਿੱਧ ਸੀ। ਇਨ੍ਹਾਂ ਦੇ ਪਿਤਾ ਦਾ ਘਰ ਲਾਹੌਰ ਵਿਚ 'ਸ਼ਾਲਮੀ ਗੇਟ' ਤੇ ਸੀ।

ਮੈਨੂੰ ਭਾਈ ਚਾਂਦ ਰਬਾਬੀ ਨੂੰ ਬਚਪਨ ਤੋਂ ਹੀ ਕੋਈ ੧੩-੧੪ ਸਾਲ ਦੀ ਉਮਰ ਤੋਂ ਸੁਨਣ ਦਾ ਅਉਸਰ ਮਿਲਦਾ ਰਿਹਾ ਹੈ। ਜਦੋਂ ਭਾਈ ਚਾਂਦ ਨੇ ਸ਼ਾਮੀ ਚਾਰ ਕੁ ਵਜੇ ਕੀਰਤਨ ਕਰਨਾ ਹੁੰਦਾ ਸੀ ਤਾਂ ਦਰਬਾਰ ਸਾਹਿਬ ਦੇ ਅੰਦਰ-ਬਾਹਰ ਛੋਟੀਆਂ ਪਰਕਰਮਾਂ ਵਿਚ ਅਤੇ ਪੁਲ ਤੇ ਸੰਗਤਾਂ ਨਾਲ ਜਗਾ ਭਰ ਜਾਂਦੀ ਸੀ। ਭਾਈ ਚਾਂਦ ਨੇ ਜਦੋਂ ਕੀਰਤਨ ਸ਼ੁਰੂ ਕਰਨਾ ਤਾਂ ਰਾਗ ਦੇ ਅਲਾਪ ਵਿਚ ਮੰਗਲਾ ਚਰਨ ਨੂੰ ਉਚਾਰਨਾ; ਜੋੜੀ ਵਾਲੇ ਨੇ ਬਹੁਤ ਧੀਮੀ ਲੈਅ ਵਿਚ ਚਾਰ ਤਾਲ ਜਾਂ ਝਪਤਾਲ ਵਜਾਉਂਦੇ ਰਹਿਣਾ। ਕਈ ਵਾਰੀ ਪਤਾ ਹੀ ਨਾ ਲਗਣਾ ਕਿ ਜਦੋਂ ਅਚਨਚੇਤ ਹੀ ਮੰਗਲਾ ਚਰਨ ਦੀ ਸਮਾਪਤੀ 'ਠਾਹ' ਕਰਕੇ ਜੋੜੀ ਦੇ ਗੁਰ ਤੇ ਆਕੇ ਸਮਾਪਤ ਹੋ ਜਾਣੀ। ਇਸ ਅਚਨਚੇਤ ਨਾਲੋਂ ਸੁਨਣ ਵਾਲਿਆਂ ਅੰਦਰ ਇਕ ਹੈਰਾਨੀ ਵਾਲੀ ਝਰਨਾਟ ਜਿਹੀ ਵੀ ਪੈਦਾ ਹੋ ਜਾਣੀ। ਮੰਗਲਾ ਚਰਨ ਦੇ ਅਖੀਰਲੇ ਅੱਖਰਾਂ ਦੇ ਉਚਾਰਨ ਵਿਚ " ਧੰਨੁ ਧੰਨੁ ਰਾਮਦਾਸ ਗੁਰੁ " ਆਮ ਤੌਰ ਤੇ ਜ਼ਰੂਰੀ ਹੀ ਹੁੰਦਾ ਸੀ। ਅੰਤ 'ਅਨੰਦ ਗੁਣ ਨਿਧਾਨ' ਕਹਿਕੇ ਸਰੋਤਿਆਂ ਨੂੰ ਸ੍ਰੀ ਗੁਰੂ ਰਾਮਦਾਸ ਸੀ ਦੇ ਚਰਨਾਂ ਨਾਲ ਜੋੜਨਾ। ਆਰੰਭ ਵਿਚ ਹੀ ਵਜਦ ਵਿਚ ਆ ਜਾਣਾ ਅਤੇ ਕੀਰਤਨ ਦਾ ਸ਼ਬਦ ਸ਼ੁਰੂ ਕਰਨਾ। ਭਾਵੇਂ ਸ਼ਬਦ ਦੀ ਅਸਥਾਈ ਰਾਗ ਦੀਆਂ ਮਰੋੜਾਂ ਤਰੋੜਿਆਂ ਵਿਚ ਗਾਈ ਜਾ ਰਹੀ ਹੋਵੇ ਅਸਥਾਈ ਦੇ ਅੱਖਰਾਂ ਨੂੰ ਧੁੰਧਲਾ ਨਹੀ ਹੋਣ ਦੇਣਾ। ਤੁਕ ਦਾ ਇੱਕਲਾ ਇੱਕਲਾ ਅੱਖਰ ਸਮਝ ਵਿਚ ਆਉਂਦਾ ਸੀ। ਸ਼ਬਦ ਦੀ ਹਰ ਤੁਕ ਦੇ ਅਖਰਾਂ ਨੂੰ ਕਿਵੇਂ ਗੁਰਬਾਣੀ ਦੇ ਪਰਮਾਣਾਂ ਨਾਲ ਗੁੰਦਣਾ ਹੈ, ਇਹ ਭਾਈ ਚਾਂਦ ਜੀ ਦੀ ਆਪਣੀ ਫਨਕਾਰੀ ਸੀ। ਗੁਰਬਾਣੀ ਇਤਨੀ ਯਾਦ ਸੀ ਕਿ ਪਰਮਾਣਾਂ ਦੀ ਝੜੀ ਲੱਗ ਜਾਂਦੀ ਸੀ। ਪਰਮਾਣ ਉਚਾਰਦਿਆਂ ਥੋੜਾਂ ਮੂੰਹ ਫੇਰ ਦੇ ਕਦੀ ਸੱਜੇ ਤੇ ਖੱਬੇ ਦੇ ਕਦੀ ਥੋੜਾ ਪਿਛਲੇ ਪਾਸੇ ਬੈਠੀ ਸੰਗਤਾਂ ਵੱਲ ਵੀ ਅੱਖਾਂ 'ਚ ਅੱਖਾਂ ਮਿਲਾਕੇ ਦੇਖਣਾ, ਹੱਥਾਂ ਨਾਲ ਇਸ਼ਾਰੇ ਵੀ ਕਰਨੇ ਇਸ ਕੋਸ਼ਿਸ਼ ਵਿਚ ਰਹਿਣਾ ਕਿ ਸੰਗਤਾਂ ਨਾਲ ਅਰਥ ਸਾਂਝੇ ਹੋ ਸਕਣ। ਇਥੇ ਇਸ ਗੱਲ ਦੀ ਸਾਂਝ ਕਰਨੀ ਓਪਰੀ ਨਹੀ ਹੋਵੇਗੀ ਕਿ ਅੱਜ ਤੋਂ ੬੦-੭੦ ਸਾਲ ਪਹਿਲਾਂ ਕੀਰਤਨੀਆਂ ਨੂੰ ਵੱਧ ਤੋਂ ਵੱਧ ਗੁਰਬਾਣੀ ਕੰਠ ਕਰਨ ਦਾ ਸ਼ੌਕ ਹੁੰਦਾ ਸੀ।

ਉਨ੍ਹਾਂ ਦਿਨਾਂ ਵਿਚ ਸੰਗਤਾਂ ਦਰਬਾਰ ਸਾਹਿਬ ਵਿਚ ਕਰ ਰਹੇ ਕੀਰਤਨੀਆਂ ਦੇ ਗਲਾਂ ਵਿਚ ਸੇਹਰੇ (ਸ਼ਾਇਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਲਏ ਹੋਏ) ਪਾ ਦਿੰਦੇ ਸਨ। ਭਾਈ ਚਾਂਦ ਆਪਣੇ ਆਪ ਨੂੰ ਗੁਰੂ ਦਾ ਕੀਰਤਨੀਆ ਮੰਨਦਾ ਹੋਇਆਂ ਇਨ੍ਹਾਂ ਸੇਹਰਿਆਂ ਨੂੰ ਗੁਰੂ ਘਰ ਤੋਂ ਮਿਲੀ ਖਿਲਅਤ ਮੰਨ ਕੇ, ਸੇਹਰੇ ਇਕ ਦਮ ਗਲੋਂ ਨਹੀ ਸੀ ਉਤਾਰ ਦੇਂਦਾ। ਦਰਸ਼ਨੀ ਡਿਉੜੀ ਤੋਂ ਬਾਹਰ ਪੁਜ ਕੇ ਹੀ ਇਕ ਸੇਹਰੇ ਲਾਹ ਕੇ ਹੱਥ ਵਿਚ ਫੜ ਕੇ ਆਪਣੇ ਨਾਲ ਲੈ ਜਾਂਦਾ ਸੀ। ਜਿਵੇਂ ਅੱਜਕਲ ਦੇ ਫੌਜੀ ਜਾਂ ਖਿਲਾੜੀ ਆਪਣੇ ਮਿਲੇ ਮੈਡਲਾਂ / ਤਗਮਿਆਂ ਨੂੰ ਫਖਰ ਨਾਲ, ਵਰਦੀ ਤੇ ਲਟਕਾਈ ਰੱਖਦੇ ਹਨ। ਇਵੇਂ ਹੀ ਗੁਰੂ ਕੇ ਕੀਰਤਨੀਏ, ਭਾਈ ਚਾਂਦ ਸਮੇਤ ਬਖਸ਼ਿਸ਼ ਦੇ ਮਿਲੇ ਸੇਹਰੇ ਇਕਦਮ ਗਲੋਂ ਨਹੀ ਸੀ ਉਤਾਰ ਦੇਂਦੇ। ਕੁਝ ਚਿਰ ਲਈ ਫਖਰ ਤੇ ਸ਼ੌਕ ਨਾਲ ਪਾਈ ਰੱਖਦੇ ਸਨ।

ਭਾਈ ਚਾਂਦ ਨੂੰ ਸੋਦਰ ਦੀ ਚੌਂਕੀ ਦੀ ਸਮਾਪਤੀ ਤੇ ਵੀ ਦੇਖਿਆ ਸੁਣਿਆ ਹੈ। ਸੂਰਜ ਛਿਪਣ ਵੇਲੇ " ਹਰਿ ਜੁਗੁ ਜੁਗੁ ਭਗਤ ਉਪਾਇਆ..." ਵਾਲਾ ਛੰਤ ਪੜਨਾ ਤੇ "ਸੋਦਰੁ ਤੇਰਾ ਕੇਹਾ" **ਵਾਹ ਵਾ** " ਜਿਤੁ ਬਹਿ ਸਰਬ ਸਮਾਲ॥ ਵਾਜੇ ਤੇਰੇ ਨਾਦ ਅਨੇਕ ਅਸੰਖਾ ..." **ਵਾ ਵਾਹ** " ਕੇਤੇ ਤੇਰੇ ਵਾਵਣਹਾਰੇ॥ " ਅਤੇ ਇਤਿਆਦਿ ਸੋਦਰੁ ਦੇ ਇਹ ਸ਼ਬਦ, '**ਵਾਹ ਵਾਹ**'' " ਨਾਨਕ ਰਹਣੁ ਰਜਾਈ ॥੧॥" ਤੁਕ ਪੜ੍ਹਨਾ। ਜਿਵੇਂ ਅੱਜਕਲ ਕੀਰਤਨੀਏ ਤਾਲ ਨੂੰ ਪੂਰਾ ਕਰਨ ਲਈ 'ਆ' 'ਆ' ਜਾਂ 'ਊ' 'ਊ' ਜਾਂ 'ਈ' 'ਈ' ਕਹਿਕੇ ਪੂਰਾ ਕਰਦੇ ਹਨ। ਭਾਈ ਚਾਂਦ ਤੇ ਹੋਰ ਕਈ ਕੀਰਤਨੀਏ ਵੀ ਇਸ ਤਾਲ ਨੂੰ '**ਵਾਹ ਵਾਹ**' ਦੇ ਵਿਸਮਾਦੀ ਅੱਖਰ ਨੂੰ ਬੇਝਿਜਕ ਵਰਤ ਕੇ ਪੂਰਾ ਕਰਦੇ ਸਨ। ਇਧਰੋਂ ਸ਼ਬਦ ਚੌਂਕੀ ਦੀ ਸਮਾਪਤੀ ਹੋਣੀ ਉਧਰੋਂ ਸੋਦਰ ਦਾ ਪਾਠ ਆਰੰਭ ਹੋ ਜਾਣਾ। ਭਾਈ ਚਾਂਦ ਨੇ ਉਠਣ ਤੋਂ ਪਹਿਲਾਂ ਆਪਣੇ ਹੱਥਾਂ ਨਾਲ ਥੋੜਾ ਲੱਤਾਂ ਨੂੰ ਘੁੱਟਣਾ। ਦੋ ਢਾਈ ਘੰਟੇ ਦੀ ਬੈਠਕ ਨਾਲ ਥਕਾਵਟ ਵੀ ਹੋ ਜਾਂਦੀ ਹੋਣੀ ਹੈ। ਫੇਰ ਮੱਥਾ ਟੇਕ ਕੇ ਉਠਣਾ ਤੇ ਤੁਰ ਪੈਣਾ। ਜਦੋਂ ਪੁਲ ਤੋਂ ਲੰਘਦੇ ਹੋਣਾ ਤਾਂ ਕਈ ਜਾਣੂਆਂ ਅਤੇ ਕਈ ਅਨਜਾਣੂਆਂ ਨੂੰ ਵੀ ਆਦਰ ਜਾਹਰ ਕਰਦੇ ਹੋਏ ਹੱਥ ਜੋੜ ਕੇ ਤੇ ਸਿਰ ਨੀਵਾਂ ਕਰਕੇ ਦਿਲੋਂ 'ਫਤਹਿ' ਬੁਲਾ ਦੇਣੀ।

ਭਾਈ ਚਾਂਦ ਮੁਸਲਮਾਨ ਰਬਾਬੀ ਸੀ। ਦਾਹੜੀ ਦੀ ਪਾਲਣਾ ਕਰਦਾ ਸੀ। ਮੈਂ ਇਸ ਦੇ ਇਕ ਘਰੇਲੂ ਮਿੱਤਰ, ਸ: ਜੋਗਿੰਦਰ ਸਿੰਘ ਫੋਟੋਗ੍ਰਾਫਰ ਨੂੰ ਪੁਛਿਆ ਕਿ ਕੀਹ ਭਾਈ ਚਾਂਦ ਦੀ ਦਾਹੜੀ ਸਾਬਤ ਸੀ। ਉਸਨੇ ਦੱਸਿਆ ਕਿ ਭਾਈ ਚਾਂਦ ਦਾਹੜੀ ਬਿਲਕੁਲ ਨਹੀ ਸੀ ਕੱਟਦਾ ਕਿਉਕਿ ਉਸਨੇ ਹਰਿਮੰਦਰ ਸਾਹਿਬ ਕੀਰਤਨ ਕਰਨਾ ਹੁੰਦਾ ਸੀ। ਤੇ ਹਰਿਮੰਦਰ ਸਾਹਿਬ ਦੀ ਮਰਿਯਾਦਾ ਅਨੁਸਾਰ ਜਿਸ ਕਿਸੇ ਨੇ ਉਥੇ ਕੀਰਤਨ ਕਰਨਾ ਹੋਵੇ ਉਸ ਦੀ ਦਾਹੜੀ ਸਾਬਤ ਹੋਣੀ ਚਾਹੀਦੀ ਹੈ। ਭਾਈ ਚਾਂਦ ਇਸ ਮਰਿਯਾਦਾ ਦੀ ਪਾਲਣਾ ਕਰਦਾ ਸੀ।

## ***ਕੁਝ ਸਿੱਖ ਰਾਗੀ :***

**ਭਾਈ ਮੱਸਾ ਸਿੰਘ ਜੀ:-** ਇਤਿਹਾਸ ਵਿਚੋਂ ਜੋ ਸਭ ਤੋਂ ਪੁਰਾਤਨ ਕੀਰਤਨੀਆਂ ਦਾ ਨਾਮ ਮਿਲਿਆ ਹੈ ਉਹ ਭਾਈ ਮੱਸਾ ਸਿੰਘ ਹੈ। ਇਹ ਬਹੁਤ ਚਿਰ ਤੱਕ ਆਸਾ ਦੀ ਵਾਰ ਦਾ ਕੀਰਤਨ ਦਰਬਾਰ ਸਾਹਿਬ ਕਰਦੇ ਰਹੇ ਹਨ। ਇਨ੍ਹਾਂ ਤੋਂ ਬਾਅਦ ਇਨ੍ਹਾਂ ਦੇ ਦੋਹਤਰੇ ਭਾਈ ਮਨਾ ਸਿੰਘ ਅਤੇ ਅੱਗੋਂ ਉਸ ਦੀ ਉਲਾਦ ਵਿਚ ਭਾਈ ਜੀਤ ਸਿੰਘ ਜੀ ਨੇ ਆਸਾ ਦੀ ਵਾਰ ਦੇ ਕੀਰਤਨ ਦੀ ਸੇਵਾ ਨਿਭਾਈ ਹੈ ਹਰਿਮੰਦਰ ਸਾਹਿਬ ਵਿਚ।

**ਭਾਈ ਮਣਸਾ ਸਿੰਘ ਜੀ:-** ਭਾਈ ਮਣਸਾ ਸਿੰਘ ਜੀ ਨੇ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਸ੍ਰੀ ਹਰਿਮੰਦਰ ਸਾਹਿਬ ਦੀ ਸੇਵਾ ਸੰਭਾਲ ਅਤੇ ਕੀਰਤਨ ਦੀ ਸੇਵਾ ਬੜੇ ਸਿਦਕ ਨਾਲ ਨਿਭਾਈ ਹੈ। ਇਹ ਬੜੇ ਉਚੇ ਤੇ ਸੁੱਚੇ ਜੀਵਨ ਵਾਲੇ ਗਰੀਬ ਸਿੱਖ ਸਨ। ਇਨ੍ਹਾਂ ਨੇ ਮਹਾਰਾਜਾ ਰਣਜੀਤ ਸਿੰਘ ਤੋਂ ਜਗੀਰ ਅਤੇ ਮਾਇਕ ਸਹਾਇਤਾ ਲੈਣ ਤੋਂ ਨਾਂਹ ਕਰ ਦਿੱਤੀ ਸੀ।

**ਸ੍ਰ: ਜੱਸਾ ਸਿੰਘ ਆਹਲੂਵਾਲੀਆ:-** ਜੋ ਆਪਣੀ ਆਹਲੂਵਾਲੀਆ ਮਿਸਲ ਦਾ ਸਰਦਾਰ ਸੀ ਆਪਣੀ ਮਾਤਾ ਸਮੇਤ ਮਾਤਾ ਸੁੰਦਰੀ ਜੀ ਪਾਸ ਕੀਰਤਨ ਕਰਦਾ ਸੀ। (ਹਵਾਲਾ- Table Calendar,1976, P.S. Bank)

**ਸੰਤ ਬਾਬਾ ਸ਼ਾਮ ਸਿੰਘ ਜੀ:-** ਇਕ ਬ੍ਰਹਮ ਗਿਆਨੀ ਦੀ ਪਦਵੀ ਤੇ ਪੁਜੇ ਮਹਾਂਪੁਰਖ ਹੋਏ ਹਨ। ਇਨ੍ਹਾਂ ਦੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਸਾਹਿਬ ਵਿਚ ਤਿੰਨ "ਤਿੰਨ-ਪਹਿਰੇ" ਦੇ ਕੀਰਤਨ ਦੀ ਸੇਵਾ ੭੮ ਸਾਲ ਕੀਤੀ ਹੈ। ਇਹ ਆਪਣੇ ਸਰੰਦੇ ਨਾਲ ਕੀਰਤਨ ਕਰਦੇ ਸਨ। ਇਨ੍ਹਾਂ ਦੀ ਉਮਰ ੧੨੫ ਸਾਲ ਹੋਈ ਹੈ ਅਤੇ ਅਖੀਰਲੇ ਸਮੇਂ ਵਿਚ ਗੁਰਬਾਣੀ ਨੂੰ ਯਾਦ ਕਰਨ ਦਾ ਨੇਮ ਨਹੀ ਸੀ ਛੱਡਦੇ। ਇਨ੍ਹਾਂ ਦੀ ਧਰਮਸ਼ਾਲਾ ਆਟਾ ਮੰਡੀ, ਸ੍ਰੀ ਅੰਮ੍ਰਿਤਸਰ ਸਾਹਿਬ ਵਿਚ ਹੈ। (ਹਵਾਲਾ ਸੰਤ ਗਾਥਾ- ਭਾਈ ਵੀਰ ਸਿੰਘ ਜੀ)

**ਭਾਈ ਸਾਹਿਬ ਭਾਈ ਜਵਾਲਾ ਸਿੰਘ ਜੀ ਰਾਗੀ:-** ਰਿਆਸਤ ਕਪੂਰਥਲੇ ਵਿਚ 'ਠਟੇ ਟਿੱਬੇ' ਪਿੰਡ ਦੇ ਸਨ। ਇਹ ਉਚ ਪਦਵੀ ਦੇ ਗੁਰਸਿੱਖ ਕੀਰਤਨਏ ਸਨ। ਇਨ੍ਹਾਂ ਦੇ ਜੱਥੇ ਵਿਚ, ਕਿਸੇ ਸਮੇਂ, ਚਾਰ ਤਾਊਸ ਤੇ ਦੋ ਜੋੜੀਆਂ ਵਜਦੀਆਂ ਸਨ। ਇਨ੍ਹਾਂ ਨੇ ਗੁਰਮਤਿ ਦੇ ਉਲਟ ਕਦੀ ਕੋਈ ਗੱਲ ਨਹੀ ਸੀ ਸਹਾਰੀ। ਇਨ੍ਹਾਂ ਦੇ ਸਪੁੱਤਰ, ਰਾਗੀ ਭਾਈ ਅਵਤਾਰ ਸਿੰਘ ਜੀ, ਭਾਈ ਗੁਰਚਰਨ ਸਿੰਘ ਜੀ ਦਾ ਜਥਾ ਦਿੱਲੀ ਵਿਚ ਕੀਰਤਨ ਦੀ ਸੇਵਾ ਨਿਭਾ ਰਹੇ ਹਨ।

**ਭਾਈ ਸੰਤਾ ਸਿੰਘ ਜੀ ਰਾਗੀ:-** ਆਪ ਨੇ ਬਹੁਤ ਸਮੇਂ ਸ੍ਰੀ ਹਰਿਮੰਦਰ ਸਾਹਿਬ ਵਿਚ ਕੀਰਤਨ ਕੀਤਾ। ਇਹ ਮੋਰ ਅਥਵਾ ਕੋਇਲ ਵਰਗੀ ਆਵਾਜ਼ ਦੇ ਮਾਲਕ ਸਨ, ਜੋ ਮੱਧ ਸਪਤਕ ਤੱਕ ਤੋਂ ਛੁਟ ਤਾਰ ਅਤੇ ਮੰਦਰ ਸਪਤਕ ਵਿਚ ਪੁੱਜਦੇ ਹੋਏ ਵੀ ਸੁਰ ਵਿਚ ਇਕ ਸਾਰਤਾ ਤੇ ਸਰਲਤਾ ਕਾਇਮ ਰੱਖਦੇ ਸਨ। ਜਨਮ ੧੯੦੨ ਦਾ ਸੀ ਤੇ ਨਵੰਬਰ ੧੯੬੬ ਵਿਚ ਅਕਾਲ ਚਲਾਣਾ ਕਰ ਗਏ। ਇਨ੍ਹਾਂ ਦੇ ਭਰਾ ਭਾਈ ਸ਼ਮਸ਼ੇਰ ਸਿੰਘ ਦਿੱਲੀ ਵਾਲੇ ਸੁਪ੍ਰਸਿੱਧ ਕੀਰਤਨਏ ਸਨ। ਹੁਣ ਇਨ੍ਹਾਂ ਦਾ ਭਾਣਜੇ ਤੇ ਭਤੀਜੇ ਗੁਰਦੁਆਰਾ ਮੋਤੀ ਬਾਗ ਵਿਖੇ ਕੀਰਤਨ ਦੀ ਸੇਵਾ ਕਰ ਰਹੇ ਹਨ।

**ਭਾਈ ਸਮੁੰਦ ਸਿੰਘ ਜੀ ਨਨਕਾਣਾ ਸਾਹਿਬ ਵਾਲੇ:-** ਇਹ ਪਹਿਲੇ ਰਾਗੀ ਸਨ ਜਿਨ੍ਹਾਂ ਨੇ ਅੰਗਰੇਜ਼ਾਂ ਦੇ ਰਾਜ ਸਮੇਂ ਲਾਹੌਰ ਰੇਡੀਓ ਸਟੇਸ਼ਨ ਤੇ ਕੀਰਤਨ ਕੀਤਾ ਸੀ। ਇਹ ਸੁਰ ਦੇ ਸੰਪੂਰਨ, ਰਸੀਲੇ ਅਤੇ ਤਾਲ ਦੇ ਪੂਰੇ ਸਨ। ਜਦੋਂ ਵੀ ਹੁਸ਼ਿਆਰਪੁਰ ਆਉਂਦੇ, ਹਮੇਸ਼ਾਂ ਹੀ ਸਾਡੇ ਪਿਤਾ ਜੀ ਪ੍ਰੋ: ਕਰਤਾਰ ਸਿੰਘ ਜੀ ਦੇ ਘਰ ਠਹਿਰਦੇ ਸਨ।

**ਭਾਈ ਸੁਰਜਨ ਸਿੰਘ ਜੀ:-** ਆਪ ਜੀ ਸੂਰਮੇ ਸਿੰਘ ਸਨ। ਸੁਰ ਦੇ ਸੰਪੂਰਨ ਸਨ। ਇਨ੍ਹਾਂ ਪਹਿਲਾਂ ਭਾਈ ਸੰਤਾ ਸਿੰਘ ਜੀ ਦੇ ਜਥੇ ਜਿਚ ਕੀਰਤਨ ਕੀਤਾ ਹੈ। ਜਨਮ ੧੯੧੧ ਦਾ ਏ ਤੇ ਅਕਾਲ ਚਲਾਣਾ ੧੯੬੫ ਵਿਚ ਹੋਇਆ ਹੈ। ਕੀਰਤਨ ਦੀ ਸੇਵਾ ਕੋਈ ਤੀਹ ਸਾਲ ਤਕ ਨਿਭਾਈ ਹੈ।

**ਭਾਈ ਗੁਪਾਲ ਸਿੰਘ ਜੀ:-** ਇਹ ਵੀ ਸੂਰਮੇ ਸਿੰਘ ਸਨ। ਕੀਰਤਨਾਂ ਵਿਚ ਬੜੀ ਖਿੱਚ ਤੇ ਕਸ਼ਿਸ਼ ਪੈਦਾ ਕਰਦੇ ਸਨ। ਭਰ ਜਵਾਨੀ ਦੀ ਉਮਰ ਵਿਚ ਹੀ ਚੜ੍ਹਾਈ ਕਰ ਗਏ ਸਨ।

**ਭਾਈ ਬਖਸ਼ੀਸ਼ ਸਿੰਘ ਜੀ:-** ਆਪ ਰਾਗ, ਤਾਲ, ਸੁਰ ਤੇ ਗੁਰਬਾਣੀ ਦੇ ਉਚਾਰਨ ਦੀ ਸਰਲਤਾ ਵਿਚ ਨਿਪੁਨ ਸਨ। (ਇਨ੍ਹਾਂ ਦੇ ਸਾਥੀ ਸ੍ਰੀ ਹਰਿਮੰਦਰ ਸਾਹਿਬ ਵਿਚ ਕੀਰਤਨ ਦੀ ਸੇਵਾ ਨਿਭਾ ਰਹੇ ਹਨ) ਜਿਨ੍ਹਾਂ ਜਿਨ੍ਹਾਂ ਨੇ ਇਨ੍ਹਾਂ ਪਾਸੋਂ ਇਕ ਵਾਰ ਕੀਰਤਨ ਸੁਣ ਲਿਆ ਸੀ ਉਹ ਬਾਰ ਬਾਰ ਸੁਣਨਾ ਚਾਹੁੰਦਾ ਸੀ।

**ਭਾਈ ਸੁਧ ਸਿੰਘ ਜੀ, ਭਾਈ ਪ੍ਰਧਾਨ ਸਿੰਘ ਜੀ:-** ਇਨ੍ਹਾ ਦੇ ਜਥੇ ਦਾ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਨਾਲ ਬੜਾ ਨਿੱਘਾ ਸੰਬੰਧ ਸੀ। ਭਾਈ ਸਾਹਿਬ ਭਾਈ ਵੀਰ ਸਿੰਘ ਜੀ ਵਲੋਂ ਇਨ੍ਹਾਂ ਨੂੰ ਬਹੁਤ ਸ਼ੁਭ ਅਸੀਸਾਂ ਮਿਲਦੀਆਂ ਸਨ। ਇਸ ਜਥੇ ਨੇ ਪੰਥ ਵਿਚ ਬੜੀ ਸੇਵਾ ਕੀਤੀ ਹੈ ਤੇ ਮਾਣ ਪ੍ਰਾਪਤ ਕੀਤਾ ਹੈ। ਭਾਈ ਮਖਣ ਸਿੰਘ ਜੀ ਇਨ੍ਹਾਂ ਦੇ ਨਾਲ ਤਾਊਸ ਤੇ ਸੰਗਤ ਕਰਦੇ ਸਨ।

**ਭਾਈ ਉਤਮ ਸਿੰਘ ਜੀ:-** ਸਿੰਧ ਦੇ ਇਲਾਕੇ ਤੋਂ ਆਏ ਭਾਈ ਉਤਮ ਸਿੰਘ ਜੀ ਬਹੁਤ ਦਿਲ-ਖਿਚਵਾਂ ਕੀਰਤਨ ਕਰਦੇ ਸਨ। ਇਹ ਸੂਰਮੇ ਸਿੰਘ ਸਨ। ਜਵਾਨੀ ਦੀ ਉਮਰ ਵਿਚ ਪੰਜਾਬ ਆਏ ਸਨ। ਪਹਿਲਾਂ ਇਨ੍ਹਾਂ ਦਾ ਜਥਾ ਸੁਤੰਤਰ ਰਿਹਾ ਹੈ ਪਰ ਅਖੀਰ ਵਿਚ ਸ੍ਰੀ ਹਰਿਮੰਦਰ ਸਾਹਿਬ ਜੀ ਵਿਚ ਕੀਰਤਨ ਕਰਨ ਲਗ ਪਏ ਸਨ। ਇਨ੍ਹਾਂ ਨੂੰ ਸੁਨਣ ਵਾਸਤੇ ਵੀ ਸੰਗਤਾਂ ਹੁੰਮ-ਹੁਮਾ ਕੇ ਪਹੁੰਚਦੀਆਂ ਸਨ।

**ਭਾਈ ਬਾਵਰ ਸਿੰਘ ਜੀ:-** ਆਪ ਜੀ ਵੀ ਇਕ ਪ੍ਰਸਿੱਧ ਕੀਰਤਨੀਏ ਹੋਏ ਹਨ। ਆਪ ਬੜੀ ਨਿਮਰਤਾ ਵਾਲੇ ਬਜ਼ੁਰਗ ਕੀਰਤਨੀਏ ਸਨ। ਇਨ੍ਹਾਂ ਦਾ ਪਛੋਕੜ ਵੀ ਸਿੰਧ ਦਾ ਸੀ।

ਕੀਰਤਨੀਏ ਤਾਂ ਹੋਰ ਵੀ ਬਹੁਤ ਹਨ ਪਰ

"ਹੋਰਿ ਕੇਤੇ ਤੁਧਨੋ ਗਾਵਨਿ ਸੇ ਮੈ ਚਿਤਿ ਨ ਆਵਨਿ ..."

# ਕੁਝ ਬੇਨਤੀਆਂ:

੧) ਨੇਮ ਨਾਲ ਸਤਿਸੰਗ ਵਿਚ ਜਾਣ ਦਾ ਸੁਭਾਅ ਬਣਾਉ ਜੀ।

੨) ਭਲੇ ਕੰਮਾਂ ਵਾਸਤੇ ਦਸਵੰਧ ਕਢਦੇ ਰਿਹਾ ਕਰੋ ਜੀ। ਇਹ ਸਿਖਾਂ ਦੀ ਰੀਤ ਹੈ ਜੋ ਹਮੇਸ਼ਾਂ ਸਾਨੂੰ ਯਾਦ ਰਖਣੀ ਚਾਹੀਦੀ ਹੈ।

੩) ਬਚਿਆਂ ਨਾਲ ਗਲ-ਬਾਤ ਪੰਜਾਬੀ ਬੋਲੀ ਵਿਚ ਕਰਨੀ ਚਾਹੀਦੀ ਹੈ। ਇਸ ਗਲ ਵਲ ਧਿਆਨ ਦੇਣ ਦੀ ਲੋੜ ਹੈ।

੪) ਮਾਪਿਆਂ ਲਈ ਆਪਣੇ ਬਚਿਆਂ ਨਾਲ ਗਲ-ਬਾਤ ਕਰਨੀ ਬਹੁਤ ਜ਼ਰੂਰੀ ਹੈ।

੫) ਪਰਵਾਰ ਦੀਆਂ ਗੰਢਾਂ ਨੂੰ ਮਜ਼ਬੂਤ ਕਰਨ ਲਈ ਪਰਵਾਰ ਦਾ ਇਕੱਠੇ ਬਹਿਠਣਾਂ, ਗਲ-ਬਾਤ ਕਰਨੀ, ਹੱਸਣਾ ਖੇਡਣਾਂ ਅਤੇ ਖਾਣਾ ਪੀਣਾ ਬਹੁਤ ਅਹਿਮ ਹਨ।

੬) ਸ਼ੁਭ ਕੰਮ ਕਰਨੇ ਜੀਵਨ ਦਾ ਭਾਗ ਬਣਾਉਣਾ ਜ਼ਰੂਰੀ ਹੈ। ਇਸ ਨਾਲ ਜੀਵਨ ਵਿਚ ਖੇੜੇ ਆਉਂਦੇ ਹਨ ! ਕਿਸੇ ਦੇ ਕੰਮ ਆ ਕੇ ਮਨੁੱਖ ਨੂੰ ਬਹੁਤ ਖੁਸ਼ੀ ਮਿਲਦੀ ਹੈ।

੭) ਜੀਵਨ ਵਿਚ ਇਕ ਖੇਡ ਹੋਣੀ ਸਿਹਤ ਲਈ ਬਹੁਤ ਜ਼ਰੂਰੀ ਹੈ।

੮) ਸਾਰੀ ਉਮਰ ਪੜ੍ਹਦੇ ਰਹਿਣਾ ਚਾਹੀਦਾ ਹੈ।

*Available from:*

Principal Narindar Singh
956, Phase III-B-2,
Mohali (Punjab)-INDIA
Tel: 91-172-2225999

Kulbir Singh
1185, E 60th Avenue,
Vancouver, V5X 2A6
CANADA
Tel: 604-3223959